Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 21* Issue 42 | Wednesday, March 02, 2022 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਕੌਮਾਂਤਰੀ ਪੱਧਰ 'ਤੇ ਇਕੱਲੇ ਪੈ ਗਏ ਹਨ ਪੁਤਿਨ : ਫਰੀਲੈਂਡ



ਓਟਵਾ, 1 ਮਾਰਚ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਖਿਆ ਕਿ ਕੈਨੇਡੀਅਨ ਸਰਕਾਰ ਆਉਣ ਵਾਲੇ ਸਮੇਂ ਵਿੱਚ ਰੂਸ ਉੱਤੇ ਹੋਰ ਆਰਥਿਕ ਪਾਬੰਦੀਆਂ ਲਾਵੇਗੀ। ਅਜਿਹਾ ਇਸ ਲਈ ਕੀਤਾ ਜਾਵੇਗਾ ਤਾਂ ਕਿ ਰੂਸ ਯੂਕਰੇਨ ਖਿਲਾਫ ਲੜਾਈ ਨੂੰ ਹੋਰ ਫੰਡ ਮੁਹੱਈਆ ਨਾ ਕਰਵਾ ਸਕੇ।

ਫਰੀਲੈਂਡ ਨੇ ਆਖਿਆ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਤੋਂ ਕੌਮਾਂਤਰੀ ਪੱਧਰ ਉੱਤੇ ਸਾਰੇ ਹੀ ਟੁੱਟ ਰਹੇ ਹਨ ਤੇ ਰੂਸ ਦੀਆਂ ਹਰਕਤਾਂ ਦੁਨੀਆ ਦੀ ਸੱਭ ਤੋਂ ਵੱਡੇ ਸ਼ਕਤੀਸਾਲੀ ਮੁਲਕ ਵਾਲੀਆਂ ਨਹੀਂ ਹਨ ਸਗੋਂ ਭ੍ਰਿਸ਼ਟ ਸਰਕਾਰ ਵਾਲੀਆਂ ਹਨ। ਰੂਸ ਨੂੰ ਸਜ਼ਾ ਦੇਣ ਲਈ ਕੈਨੇਡਾ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾਣ ਵਾਲੀ ਅਪਡੇਟ ਬਾਰੇ ਮੰਗਲਵਾਰ ਦੁਪਹਿਰ ਨੂੰ ਫਰੀਲੈਂਡ ਨੇ ਆਪਣੇ ਜੀ-7 ਕੁਲੀਗਜ਼ ਨਾਲ ਕੀਤੀ ਮੀਟਿੰਗ ਵਿੱਚ ਜਾਣਕਾਰੀ ਦਿੱਤੀ।

ਫਰੀਲੈਂਡ ਨੇ ਆਖਿਆ ਕਿ ਜਿਹੜੀਆਂ ਪਾਬੰਦੀਆਂ ਹੁਣ ਲਾਈਆਂ ਜਾਣਗੀਆਂ ਉਹ ਅਜਿਹੀਆਂ ਸੰਸਥਾਵਾਂ ਤੇ ਵਿਅਕਤੀਆਂ ਉੱਤੇ ਹੋਣਗੀਆਂ ਜਿਹੜੇ ਪੁਤਿਨ ਦੀ ਮਦਦ ਕਰ ਰਹੇ ਹਨ। ਅਜਿਹੀਆਂ ਹੀ ਪਾਬੰਦੀਆਂ ਪਹਿਲਾਂ ਵੀ ਲਾਈਆਂ ਜਾ ਚੁੱਕੀਆਂ ਹਨ। ਜ਼ਿਕਰਯੋਗ ਹੈ ਕਿ ਓਟਵਾ ਵੱਲੋਂ ਪਹਿਲਾਂ ਪੁਤਿਨ ਸਮੇਤ ਵਿਦੇਸ਼ ਮੰਤਰੀ ਸਰਗੇਈ ਲੈਵਰੋਵ, ਜਸਟਿਸ ਮੰਤਰੀ ਕੌਂਸਟੈਂਟਿਨ ਚੁਈਚੈਂਕੋ, ਰੱਖਿਆ ਮੰਤਰੀ ਸਰਗੇਈ ਸ਼ੋਇਗਮ ਤੇ ਪੁਤਿਨ ਦੇ ਚੀਫ ਆਫ ਸਟਾਫ ਐਂਟਨ ਵੇਨੋਉੱਤੇ ਪਾਬੰਦੀਆਂ ਲਾਈਆਂ ਜਾ ਚੁੱਕੀਆਂ ਹਨ।

ਇਸ ਦੇ ਨਾਲ ਹੀ ਸਰਕਾਰ ਵੱਲੋਂ ਸਾਰੀਆਂ ਵਿੱਤੀ ਸੰਸਥਾਂਵਾਂ ਉੱਤੇ ਰੂਸੀ ਸੈਂਟਰਲ ਬੈਂਕ ਨਾਲ ਲੈਣ ਦੇਣ ਉੱਤੇ ਵੀ ਰੋਕ ਲਾਈ ਜਾ ਚੁੱਕੀ ਹੈ। ਕੁੱਲ ਮਿਲਾ ਕੇ 32 ਰੂਸੀ ਸੰਸਥਾਵਾਂ ਅਤੇ 382 ਵਿਅਕਤੀਆਂ ਉੱਤੇ ਕੈਨੇਡਾ ਵੱਲੋਂ ਪਾਬੰਦੀਆਂ ਲਾਈਆਂ ਜਾ ਚੁੱਕੀਆਂ ਹਨ। ਪਰ ਰੂਸ ਦੇ ਬਿਲੀਅਨੇਅਰ ਤੇ ਚੈਲਸੀ ਫੁੱਟਬਾਲ ਕਲੱਬ ਦੇ ਮਾਲਕ ਰੋਮਨ ਅਬਰਾਮੋਵਿਚ ਉੱਤੇ ਪਾਬੰਦੀਆਂ ਨਹੀਂ ਲਾਈਆਂ ਗਈਆਂ। ਕੈਨੇਡਾ ਵਿੱਚ ਉਸ ਦੀ ਕਾਫੀ ਸੰਪਤੀ ਹੈ।

## ਰੂਸੀ ਹਮਲਿਆਂ ਤੇ ਮਹਿੰਗਾਈ ਉੱਤੇ ਰੋਕ ਲਾਉਣ ਦਾ ਬਾਇਡਨ ਨੇ ਪ੍ਰਗਟਾਇਆ ਤਹੱਈਆ

ਵਾਸ਼ਿੰਗਟਨ, 1 ਮਾਰਚ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਮੰਗਲਵਾਰ ਨੂੰ ਐਲਾਨ ਕਰਦਿਆਂ ਆਖਿਆ ਕਿ ਉਹ ਯੂਕਰੇਨ ਵਿੱਚ ਰੂਸ ਵੱਲੋਂ ਕੀਤੇ ਜਾ ਰਹੇ ਹਮਲਿਆਂ ਉੱਤੇ ਰੋਕ ਲਾਉਣ ਦੀ ਕੋਸ਼ਿਸ਼ ਕਰਨਗੇ, ਮਹਿੰਗਾਈ ਨੂੰ ਕਾਬੂ ਕਰਨ ਦਾ ਉਪਰਾਲਾ ਕਰਨਗੇ ਤੇ ਮੱਠੇ ਪੈ ਚੁੱਕੇ ਪਰ ਅਜੇ ਵੀ ਖਤਰਨਾਕ ਕਰੋਨਾਵਾਇਰਸ ਨਾਲ ਸਿੱਝਣਗੇ।



ਬਾਇਡਨ ਨੇ ਐਲਾਨ ਕੀਤਾ ਕਿ ਉਹ ਖੁਦ ਤੇ ਕਾਂਗਰਸ ਦੇ ਸਾਰੇ ਮੈਂਬਰਜ਼, ਆਪਣੇ ਮਤਭੇਦਾਂ ਨੂੰ ਪਾਸੇ ਰੱਖਕੇ ਇਹ ਪ੍ਰਣ ਕਰਨਗੇ ਕਿ ਆਜ਼ਾਦੀ ਸਰਵੋਪਰੀ ਹੈ ਤੇ ਉਹ ਇਸ ਲਈ ਰਲ ਕੇ ਯੂਕਰੇਨ ਦੀ ਮਦਦ ਕਰਨਗੇ, ਹਰ ਹਾਲ ਜ਼ੁਲਮ ਖਿਲਾਫ ਇਸ ਦੀ ਜਿੱਤ ਹੋਵੇਗੀ। ਆਪਣਾ ਭਾਸ਼ਣ ਸ਼ੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਹਾਊਸ ਚੇਂਬਰ ਵਿੱਚ ਇੱਕਠੇ ਹੋਏ ਨੀਤੀਘਾੜਿਆਂ ਨੂੰ ਯੂਕਰੇਨੀਅਨਜ਼ ਦੀ ਹਿੰਮਤ ਲਈ ਉਨ੍ਹਾਂ ਨੂੰ ਸਲੂਟ ਕਰਨ ਲਈ ਆਖਿਆ। ਰੂਸ ਦਾ ਸਾਹਮਣਾ ਕਰ ਰਹੇ ਯੂਕਰੇਨ ਵਾਸੀਆਂ ਦੀ ਬਹਾਦਰੀ ਤੇ ਹੌਸਲੇ ਦੀ ਸ਼ਲਾਘਾ ਕਰਦਿਆਂ ਬਾਇਡਨ ਨੇ ਆਖਿਆ ਕਿ ਉਹ ਯੂਕਰੇਨੀ ਫੌਜ ਨੂੰ ਹਥਿਆਰ ਮੁਹੱਈਆ ਕਰਵਾਕੇ ਉਨ੍ਹਾਂ ਦੇ ਹੱਥ ਮਜ਼ਬੂਤ ਕਰਨਗੇ ਤੇ ਪਾਬੰਦੀਆਂ ਲਾ ਕੇ ਰੂਸੀ ਅਰਥਚਾਰੇ ਦਾ ਲੱਕ ਤੋੜਨਗੇ।

ਉਨ੍ਹਾਂ ਆਖਿਆ ਕਿ ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਇਸ ਨਾਲ ਅਮਰੀਕਾ ਦੇ ਅਰਥਚਾਰੇ ਨੂੰ ਵੀ ਢਾਹ ਲੱਗੇਗੀ ਪਰ ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੀ ਸਖਤੀ ਤੋਂ ਬਿਨਾਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀਆਂ ਸੈਨਾਵਾਂ ਦੇ ਯੂਕਰੇਨ ਵੱਲ ਵੱਧਦੇ ਕਦਮਾਂ ਨੂੰ ਰੋਕਿਆ ਨਹੀਂ ਜਾ ਸਕਦਾ। ਉਨ੍ਹਾਂ ਆਖਿਆ ਕਿ ਰੂਸ ਦੀ ਇਸ ਹਰਕਤ ਕਾਰਨ ਸਿਰਫ ਯੂਕਰੇਨ ਨੂੰ ਹੀ ਖਤਰਾ ਨਹੀਂ ਹੈ ਸਗੋਂ ਅਮਰੀਕਾ ਤੇ ਪੂਰੀ ਦੁਨੀਆ ਨੂੰ ਇਸ ਨਾਲ ਖਤਰਾ ਹੈ।

ਬਾਇਡਨ ਨੇ ਆਖਿਆ ਕਿ ਅਮਰੀਕਾ ਰੂਸੀ ਜਹਾਜ਼ਾਂ ਉੱਤੇ ਪਾਬੰਦੀ ਲਾਉਣ ਲਈ ਕੈਨੇਡਾ ਤੇ ਯੂਰਪੀਅਨ ਯੂਨੀਅਨ ਦੀ ਤਰਜ਼ ਉੱਤੇ ਕੰਮ ਕਰ ਰਿਹਾ ਹੈ। ਉਨ੍ਹਾਂ ਆਖਿਆ ਕਿ ਜਸਟਿਸ ਮੰਤਰਾਲੇ ਵੱਲੋਂ ਇੱਕ ਟਾਸਕ ਫਰਸ ਤਿਆਰ ਕੀਤੀ ਗਈ ਹੈ ਜਿਹੜੀ ਰੂਸ ਦੇ ਧਨਾਢਾਂ ਦੇ ਜੁਰਮਾਂ ਦੀ ਪੜਚੋਲ ਕਰੇਗੀ। ...ਬਾਕੀ ਪੰਨਾ 3 'ਤੇ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

## ਅੱਜ ਤੋਂ ਓਨਟਾਰੀਓ ਵਿੱਚ ਖ਼ਤਮ ਹੋਈਆਂ ਕਪੈਸਿਟੀ ਲਿਮਿਟ ਤੇ ਵੈਕਸੀਨ ਪਾਸਪੋਰਟ ਸਬੰਧੀ ਹੋਰ ਪਾਬੰਦੀਆਂ

ਓਨਟਾਰੀਓ, 01 ਮਾਰਚ (ਪੋਸਟ ਬਿਊਰੋ) : ਅੱਜ ਤੋਂ ਓਨਟਾਰੀਓ ਦੇ ਬਹੁਤੇ ਰੈਸਟੋਰੈਂਟਸ, ਜਿੰਮਜ਼ ਤੇ ਮੂਵੀ ਥਿਏਟਰਜ਼ ਲਈ ਕੋਵਿਡ-19 ਵੈਕਸੀਨੇਸ਼ਨ ਦਾ ਸਬੂਤ ਦਿਖਾਉਣ ਦੀ ਹੁਣ ਲੋੜ ਨਹੀਂ ਹੋਵੇਗੀ। ਨਾਈਟਕਲੱਬਜ਼, ਸਪੋਰਟਿੰਗ ਤੇ ਕੰਸਰਟ ਵੈਨਿਊਜ਼ ਵੀ ਸੋਸ਼ਲ ਗੈਦਰਿੰਗਜ਼ ਦੀ ਕਪੈਸਿਟੀ ਲਿਮਿਟ ਤੋਂ ਖਹਿੜਾ ਛੁਡਾਅ ਸਕਦੇ ਹਨ।



ਅੱਜ ਤੋਂ ਓਨਟਾਰੀਓ ਆਪਣੇ ਬਹੁਤੇ ਕੋਵਿਡ-19 ਪਬਲਿਕ ਹੈਲਥ ਮਾਪਦੰਡ ਖ਼ਤਮ ਕਰਨ ਜਾ ਰਿਹਾ ਹੈ ਹਾਲਾਂਕਿ ਪ੍ਰੀਮੀਅਰ ਡੱਗ ਫੋਰਡ ਵੱਲੋਂ ਇਹ ਸਪਸ਼ਟ ਕੀਤਾ ਜਾ ਚੁੱਕਿਆ ਹੈ ਕਿ ਮਾਸਕ ਸਬੰਧੀ ਪਾਬੰਦੀਆਂ ਦੋ ਕੁ ਹਫਤੇ ਤੱਕ ਹੋਰ ਚੱਲਣਗੀਆਂ। ਓਮਾਈਕ੍ਰੌਨ ਵੇਵ ਦੇ ਜਨਵਰੀ ਵਿੱਚ ਸਿਖਰ ਉੱਤੇ ਹੋਣ ਤੋਂ ਬਾਅਦ ਕੋਵਿਡ-19 ਕਾਰਨ ਹਸਪਤਾਲ ਵਿੱਚ ਦਾਖਲ ਹੋਣ ਵਾਲਿਆਂ ਦੀ ਗਿਣਤੀ ਤੇ ਪਾਜ਼ੀਟਿਵਿਟੀ ਦਰ ਵਿੱਚ ਕਮੀ ਆਈ ਹੈ। ਪਰ ਵੇਸਟਵਾਟਰ ਡਾਟਾ ਤੋਂ ਸਾਹਮਣੇ ਆਇਆ ਹੈ ਕਿ ਕੇਸ ਇੱਕ ਵਾਰੀ ਫਿਰ ਵੱਧ ਸਕਦੇ ਹਨ।

ਫੋਰਡ ਨੇ ਆਖਿਆ ਕਿ ਵੈਕਸੀਨ ਸਰਟੀਫਿਕੇਟ ਸਿਸਟਮ ਸਮੇਂ ਦੇ ਨਾਲ ਹੀ ਖ਼ਤਮ ਹੋਣ ਲਈ ਬਣਿਆ ਸੀ ਤੇ ਉਨ੍ਹਾਂ ਵੱਲੋਂ ਚੀਫ ਮੈਡੀਕਲ ਆਫੀਸਰ ਆਫ ਹੈਲਥ ਦੀ ਸਲਾਹ ਉੱਤੇ ਹੀ ਖ਼ਤਮ ਕੀਤਾ ਜਾ ਰਿਹਾ ਹੈ।

...ਬਾਕੀ ਪੰਨਾ 3 'ਤੇ

## ਜੀਟੀਏ ਵਿੱਚ ਵੀਰਵਾਰ ਤੱਕ 11 ਸੈਂਟ ਤੱਕ ਵੱਧ ਸਕਦੀਆਂ ਹਨ ਗੈਸ ਦੀਆਂ ਕੀਮਤਾਂ

ਓਨਟਾਰੀਓ, 1 ਮਾਰਚ (ਪੋਸਟ ਬਿਊਰੋ) : ਐਨ-ਪ੍ਰੋ ਇੰਟਰਨੈਸ਼ਨਲ ਇਨਕਾਰਪੋਰੇਸ਼ਨ ਦੇ ਚੀਫ ਪੈਟਰੋਲੀਅਮ ਵਿਸ਼ਲੇਸ਼ਕ ਰੌਜਰ ਮੈਕਨਾਈਟ ਅਨੁਸਾਰ ਜੀਟੀਏ ਦੇ ਡਰਾਈਵਰਾਂ ਨੂੰ ਇਸ ਹਫਤੇ ਵੀਰਵਾਰ ਤੱਕ ਗੈਸ ਲਈ ਕਾਫੀ ਵੱਧ ਕੀਮਤ ਦੇਣੀ ਹੋਵੇਗੀ। ਇੱਕ ਅੰਦਾਜ਼ੇ ਮੁਤਾਬਕ ਵੀਰਵਾਰ ਸਵੇਰ ਤੱਕ ਗੈਸ ਦੀਆਂ ਕੀਮਤਾਂ 11 ਸੈਂਟ ਤੱਕ ਵੱਧ ਜਾਣਗੀਆਂ। ਜੇ ਇਹ ਅੰਦਾਜ਼ਾ ਸਹੀ ਨਿਕਲਦਾ ਹੈ ਤਾਂ ਵੀਰਵਾਰ ਤੱਕ ਗੈਸ ਦੀ ਕੀਮਤ 171.9 ਡਾਲਰ ਤੱਕ



ਅੱਪੜ ਸਕਦੀ ਹੈ ਤੇ ਇਸ ਤੋਂ ਪਹਿਲਾਂ ਬੁੱਧਵਾਰ ਦੀ ਰਾਤ ਤੱਕ ਗੈਸ ਦੀ ਕੀਮਤ ਦੋ ਸੈਂਟ ਵਧਣ ਦੀ ਸੰਭਾਵਨਾ ਹੈ। ਮੈਕਨਾਈਟ ਨੇ ਆਖਿਆ ਕਿ ਇਨ੍ਹਾਂ ਵਧੀਆਂ ਕੀਮਤਾਂ ਵਿੱਚ ਨੇੜ ਭਵਿੱਖ ਵਿੱਚ ਕੋਈ ਬਦਲਾਵ ਵੀ ਨਹੀਂ ਹੋਣ ਵਾਲਾ। ...ਬਾਕੀ ਪੰਨਾ 3 'ਤੇ

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ
10-20% Discount
iccrc Raj Narang, Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
- Repair at no extra cost
- Appraisal Certificate
- Buy, Sell, Trade
Tuesday to Sunday (12-8)
(Monday Closed)
Raj & Gulshan
Mob: 416-465-1200
2700 Northpark Drive
Unit #19, Brampton
Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0646
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

NATION-WIDE **TALK, TEXT & DATA PLAN**

# $25/mo.



1 Promenade Circle, Thornhill
379 Main St. North, Brampton
2456 Lake Shore Blvd West, Etobicoke

chatr™ AUTHORIZED DEALER

Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

## ਰੂਸੀ ਹਮਲਿਆਂ ਤੇ ਮਹਿੰਗਾਈ ਉੱਤੇ ਰੋਕ ਲਾਉਣ ਦਾ ਬਾਇਡਨ ਨੇ ਪ੍ਰਗਟਾਇਆ ਤਹੱਈਆ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਇਨ੍ਹਾਂ ਧਨਾਢਾਂ ਨੇ ਆਪਣੇ ਹੀ ਲੋਕਾਂ ਤੋਂ ਪੈਸਾ ਖੋਹ ਖੋਹ ਕੇ ਤਿਜੋਰੀਆਂ ਭਰੀਆਂ ਹਨ। ਬਾਇਡਨ ਨੇ ਇਹ ਵੀ ਆਖਿਆ ਕਿ ਭਾਵੇਂ ਪੁਤਿਨ ਕੀਵ ਦੇ ਦੁਆਲੇ ਟੈਂਕਾਂ ਨਾਲ ਘੇਰਾ ਪਾ ਲਵੇ ਪਰ ਯੂਕਰੇਨ ਵਾਸੀਆਂ ਦੇ ਦਿਲ ਨਹੀਂ ਜਿੱਤ ਸਕਦਾ। ਇਸ ਦੌਰਾਨ ਬਾਇਡਨ ਨੇ ਆਖਿਆ ਕਿ ਉਹ ਅਮਰੀਕਾ ਦੀ ਉਤਪਾਦਨ ਸਮਰੱਥਾ ਵਿੱਚ ਮੁੜ ਨਿਵੇਸ਼ ਕਰਕੇ, ਸਪਲਾਈ ਚੇਨ ਵਿੱਚ ਵਾਧਾ ਕਰਕੇ ਤੇ ਵਰਕਰਜ਼ ਉੱਤੇ ਚਾਈਲਡਕੇਅਰ ਤੇ ਐਲਡਰਕੇਅਰ ਦੇ ਬੋਝ ਨੂੰ ਘੱਟ ਕਰਨ ਲਈ ਪਲੈਨ ਲਿਆ ਰਹੇ ਹਨ। ਬਾਇਡਨ ਬਿਨਾਂ ਮਾਸਕ ਤੋਂ ਹਾਊਸ ਚੇਂਬਰ ਵਿੱਚ ਦਾਖਲ ਹੋਏ ਤੇ ਉਨ੍ਹਾਂ ਇਹ ਸੰਕੇਤ ਦਿੱਤਾ ਕਿ ਹੁਣ ਇੱਕ ਵਾਰੀ ਫਿਰ ਅਮਰੀਕਾ ਸਮੇਤ ਪੂਰੀ ਦੁਨੀਆ ਮਹਾਂਮਾਰੀ ਤੋਂ ਪਹਿਲਾਂ ਵਾਲੇ ਦੌਰ ਵਾਂਗ ਖੁੱਲ੍ਹ ਕੇ ਵਿਚਰਨ ਲਈ ਤਿਆਰ ਹੈ। ਪਰ ਉਨ੍ਹਾਂ ਇਹ ਚੇਤਾਵਨੀ ਵੀ ਦਿੱਤੀ ਕਿ ਕਰੋਨਾਵਾਇਰਸ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ, ਇਸ ਲਈ ਸਾਨੂੰ ਅਜੇ ਵੀ ਸਾਵਧਾਨੀ ਤੋਂ ਕੰਮ ਲੈਣਾ ਚਾਹੀਦਾ ਹੈ।

## ਅੱਜ ਤੋਂ ਓਨਟਾਰੀਓ ਵਿੱਚ ਖ਼ਤਮ ਹੋਈਆਂ ਕਪੈਸਿਟੀ ਲਿਮਿਟ ਤੇ ਵੈਕਸੀਨ ਪਾਸਪੋਰਟ ਸਬੰਧੀ ਹੋਰ ਪਾਬੰਦੀਆਂ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਲੋਕਾਂ ਨੂੰ ਅਜੇ ਵੀ ਇਨ੍ਹਾਂ ਮਾਪਦੰਡਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਕਿਉਂਕਿ ਮਹਾਂਮਾਰੀ ਅਜੇ ਖ਼ਤਮ ਨਹੀਂ ਹੋਈ ਹੈ।ਜਿਨ੍ਹਾਂ ਥਾਂਵਾਂ ਉੱਤੇ ਕਪੈਸਿਟੀ ਲਿਮਿਟ ਲਾਗੂ ਸਨ, ਜਿਨ੍ਹਾਂ ਵਿੱਚ ਸਪੋਰਟਸ ਐਰੇਨਾਜ਼, ਕੰਸਰਟ ਵੈਨਿਊਜ਼, ਥਿਏਟਰਜ਼, ਨਾਈਟਕਲੱਬਜ਼ ਤੇ ਰੈਸਟੋਰੈਂਟਸ ਸ਼ਾਮਲ ਹਨ, ਜਿੱਥੇ ਡਾਂਸ ਆਦਿ ਹੁੰਦੇ ਸਨ, ਹੁਣ ਇਨ੍ਹਾਂ ਪਾਬੰਦੀਆਂ ਨੂੰ ਖ਼ਤਮ ਕਰ ਸਕਦੇ ਹਨ।

ਇਸ ਦੇ ਨਾਲ ਹੀ ਜਿਨ੍ਹਾਂ ਥਾਂਵਾਂ ਉੱਤੇ ਕਪੈਸਿਟੀ ਸੀਮਤ ਸੀ ਤੇ ਜਿੱਥੇ ਦੋ ਮੀਟਰ ਦੀ ਦੂਰੀ ਰੱਖੀ ਜਾ ਸਕਦੀ ਹੈ ਉਨ੍ਹਾਂ ਵਿੱਚ ਵੈਡਿੰਗਜ਼ ਤੇ ਫਿਊਨਰਲਜ਼, ਰੀਟੇਲ ਸ਼ੌਪਸ, ਫਾਰਮੇਸੀਜ਼ ਤੇ ਗਰੌਸਰੀ ਸਟੋਰਜ਼ ਵੀ ਇਨ੍ਹਾਂ ਪਾਬੰਦੀਆਂ ਨੂੰ ਖ਼ਤਮ ਕਰ ਸਕਦੇ ਹਨ।ਕੁੱਝ ਕਾਰੋਬਾਰਾਂ, ਜਿਨ੍ਹਾਂ ਵਿੱਚ ਰੈਸਟੋਰੈਂਟਸ, ਮਨੋਰੰਜਨ ਦੀਆਂ ਥਾਂਵਾਂ ਤੇ ਮਿਊਜ਼ੀਅਮ ਸ਼ਾਮਲ ਹਨ, ਵੱਲੋਂ ਆਖਿਆ ਗਿਆ ਹੈ ਕਿ ਉਹ ਹਾਲ ਦੀ ਘੜੀ ਇਹ ਪਾਬੰਦੀਆਂ ਜਾਰੀ ਰੱਖਣਗੇ।

# ਯੂਕਰੇਨੀ ਮੂਲ ਦਾ ਕੈਨੇਡੀਅਨ ਖਿਡਾਰੀ ਰੂਸ ਖਿਲਾਫ ਜੰਗ ਦੇ ਮੈਦਾਨ ਵਿੱਚ ਨਿੱਤਰਿਆ

ਓਨਟਾਰੀਓ, 1 ਮਾਰਚ (ਪੋਸਟ ਬਿਊਰੋ) : ਗੁਐਲਫ, ਓਨਟਾਰੀਓ ਦੇ ਯੂਕਰੇਨੀ ਮੂਲ ਦੇ ਸੌਕਰ ਖਿਡਾਰੀ ਨੇ ਆਪਣੇ ਖੇਡਾਂ ਵਾਲੇ ਬੂਟ ਉਤਾਰ ਕੇ ਜੰਗ ਵਿੱਚ ਨਿੱਤਰਣ ਦਾ ਫੈਸਲਾ ਕੀਤਾ ਹੈ। ਰੂਸ ਖਿਲਾਫ ਛਿੜੀ ਜੰਗ ਵਿੱਚ ਆਪਣੇ ਮੂਲ ਦੇਸ਼ ਯੂਕਰੇਨ ਦਾ ਸਾਥ ਦੇਣ ਲਈ ਇਸ ਖਿਡਾਰੀ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ।

ਸਵਾਇਤਿਕ ਆਰਟੇਮੈਂਕੋ ਪਹਿਲਾਂ ਗੁਐਲਫ ਯੂਨਾਈਟਿਡ ਵੱਲੋਂ ਖੇਡਦਾ ਸੀ ਤੇ ਪਿੱਛੇ ਜਿਹੇ ਹੀ ਉਸ ਨੇ ਵੈਸਟਰਨ ਯੂਕਰੇਨੀਅਨ ਸੌਕਰ ਕਲੱਬ ਨਾਲ ਸਮਝੌਤੇ ਉੱਤੇ ਸਾਈਨ ਕੀਤਾ ਹੈ। ਅਜੇ ਕੁੱਝ ਸਮੇਂ ਪਹਿਲਾਂ ਹੀ ਉਹ ਗੁਐਲਫ ਤੋਂ ਗਿਆ ਸੀ ਤੇ ਹੁਣ ਉਹ ਓਡੇਸਾ,



ਯੂਕਰੇਨ ਵਿੱਚ ਟਰੇਨਿੰਗ ਲੈ ਰਿਹਾ ਹੈ ਤੇ ਰੂਸ ਖਿਲਾਫ ਮਰਚਾ ਸਾਂਭਣ ਦੀ ਤਿਆਰੀ ਕਰ ਰਿਹਾ ਹੈ।

ਉਸ ਨੇ ਆਖਿਆ ਕਿ ਤੁਹਾਡੇ ਅੰਦਰ ਇਹ ਅਹਿਸਾਸ ਹੈ ਕਿ ਤੁਹਾਡੀ ਮੌਤ ਹੋ ਸਕਦੀ ਹੈ ਤੇ ਅਜਿਹਾ ਕਰਨਾ ਕੋਈ ਆਮ ਗੱਲ ਨਹੀਂ ਹੈ। ਪਰ ਤੁਹਾਨੂੰ ਸਮੇਂ ਤੇ ਹਾਲਾਤ ਦੇ ਹਿਸਾਬ ਨਾਲ ਫੈਸਲਾ ਕਰਨਾ ਹੁੰਦਾ ਹੈ। ਉਨ੍ਹਾਂ ਆਖਿਆ ਕਿ ਕਿਸੇ ਵੀ ਡਰ ਨਾਲੋਂ ਆਪਣੇ ਦੇਸ਼ ਲਈ ਮਰਨਾ ਕਿਤੇ ਮਾਣ ਵਾਲੀ ਗੱਲ ਹੈ।

ਉਨ੍ਹਾਂ ਆਖਿਆ ਕਿ ਰੂਸ ਵੱਲੋਂ ਅਗਲਾ ਹਮਲਾ ਓਡੇਸਾ ਉੱਤੇ ਕੀਤੇ ਜਾਣ ਦੀ ਸੰਭਾਵਨਾ ਹੈ ਤੇ ਅਜਿਹਾ ਕੁੱਝ ਘੰਟਿਆਂ ਵਿੱਚ ਹੋ ਸਕਦਾ ਹੈ। ਪਰ ਅਸੀਂ ਇਸ ਸਮੇਂ ਹਾਈ ਐਲਰਟ ਉੱਤੇ ਹਾਂ।

## ਜੀਟੀਏ ਵਿੱਚ ਵੀਰਵਾਰ ਤੱਕ 11 ਸੈਂਟ ਤੱਕ ਵੱਧ ਸਕਦੀਆਂ ਹਨ ਗੈਸ ਦੀਆਂ ਕੀਮਤਾਂ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਅਜੇ ਵੀ ਇਹ ਸਪਸ਼ਟ ਨਹੀਂ ਹੋ ਰਿਹਾ ਕਿ ਰੂਸ ਤੇ ਯੂਕਰੇਨ ਦਰਮਿਆਨ ਤਣਾਅ ਕਿੱਥੋਂ ਤੱਕ ਜਾਵੇਗਾ ਤੇ ਤੇਲ ਦੀ ਸਪਲਾਈ ਉੱਤੇ ਇਸ ਦਾ ਕਿੰਨਾ ਕੁ ਅਸਰ ਪਵੇਗਾ।

ਜ਼ਿਕਰਯੋਗ ਹੈ ਕਿ ਰੂਸ ਦੁਨੀਆਂ ਦੇ ਸੱਭ ਤੋਂ ਵੱਡੇ ਤੇਲ ਉਤਪਾਦਕਾਂ ਵਿੱਚੋਂ ਇੱਕ ਹੈ। ਇਸ ਸੰਘਰਸ਼ ਤੋਂ ਪਹਿਲਾਂ ਤੋਂ ਹੀ ਸਪਲਾਈ ਵਿੱਚ ਦਿੱਕਤ ਆ ਰਹੀ ਸੀ।ਬ੍ਰੈਂਟ ਕਰੂਡ, ਜਿਹੜਾ ਤੇਲ ਦੀਆਂ ਕੀਮਤਾਂ ਲਈ ਕੌਮਾਂਤਰੀ ਮਾਅਰਕਾ ਹੈ, ਵਿੱਚ ਮੰਗਲਵਾਰ ਨੂੰ 107 ਡਾਲਰ ਪ੍ਰਤੀ ਬੈਰਲ ਤੱਕ ਦਾ ਵਾਧਾ ਵੇਖਣ ਨੂੰ ਮਿਲਿਆ। ਸੱਤ ਸਾਲਾਂ



ਵਿੱਚ ਇਹ ਸੱਭ ਤੋਂ ਵੱਧ ਕੀਮਤ ਦਰਜ ਕੀਤੀ ਗਈ ਹੈ। ਅਮਰੀਕਾ ਤੇ ਇਸ ਦੇ ਸਹਿਯੋਗੀਆਂ ਵੱਲੋਂ ਰੂਸ ਉੱਤੇ ਲਾਈਆਂ ਜਾਣ ਵਾਲੀਆਂ ਆਖਰੀ ਗੇੜ ਦੀਆਂ ਪਾਬੰਦੀਆਂ ਨਾਲ ਸਿਰਫ ਤੇਲ ਦੀਆਂ ਕੀਮਤਾਂ ਵਿੱਚ ਹੀ ਵਾਧਾ ਨਹੀਂ ਹੋਵੇਗਾ ਸਗੋਂ ਮਹਿੰਗਾਈ ਵੀ ਅਸਮਾਨ ਛੂਹੇਗੀ।

# ਰੂਸ-ਯੂਕਰੇਨ ਜੰਗ ਦਰਮਿਆਨ ਤਾਈਵਾਨ ਦੇ ਮੁੱਦੇ ਤੋਂ ਨਵਾਂ ਤਨਾਅ

### * ਚੀਨ ਵੱਲੋਂ ਅਮਰੀਕਾ ਨੂੰ ਹਰਕਤਾਂ ਤੋਂ ਬਾਜ਼ ਆਉਣ ਦੀ ਧਮਕੀ

ਬੀਜਿੰਗ, 1 ਮਾਰਚ, (ਪੋਸਟ ਬਿਊਰੋ)- ਜਦੋਂ ਸਾਰੇ ਸੰਸਾਰ ਦਾ ਧਿਆਨ ਰੂਸ ਤੇ ਯੂਕਰੇਨ ਦੀ ਜੰਗ ਵੱਲ ਲੱਗਾ ਪਿਆ ਹੈ, ਇਸ ਦੌਰਾਨ ਚੀਨ ਨੇ ਅੱਜ ਮੰਗਲਵਾਰ ਨੂੰ ਅਮਰੀਕਾ ਨੂੰ ਚਿਤਾਵਨੀ ਦੇਦਿੱਤੀ ਕਿ ਜੇ ਉਸ ਨੇ ਤਾਈਵਾਨ ਦੀ ਆਜ਼ਾਦੀ ਦੇ ਲਈ ਹੇਜ ਵਿਖਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ।

ਅਸਲ ਵਿੱਚ ਯੂਕਰੇਨ ਉੱਤੇ ਰੂਸੀ ਫੌਜ ਦੇ ਹਮਲੇ ਵਾਂਗ ਤਾਈਵਾਨ ਉੱਤੇ ਚੀਨੀ ਹਮਲੇ ਦੇ ਸ਼ੱਕ ਕਾਰਨ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਵੱਲੋਂ ਭੇਜਿਆ ਸਾਬਕਾਫੌਜੀ ਅਫਸਰਾਂ ਦਾ ਵਫ਼ਦ ਅੱਜਤਾਈਵਾਨ ਦੀ ਰਾਜਧਾਨੀ ਤਾਈਪੇ ਪੁੱਜਾਹੈ। ਇਸ ਪਿੱਛੋਂ ਚੀਨ ਨੇ ਚਿਤਾਵਨੀ ਦਿੱਤੀ ਹੈ। ਅਮਰੀਕੀ ਫੌਜ ਦੇ ਸਾਬਕਾ ਸੀਨੀਅਰ ਅਫਸਰ ਮਾਈਕ ਐਡਮਿਰਲ (ਸੇਵਾ ਮੁਕਤ) ਮੁਲੇਨ ਦੀ ਅਗਵਾਈ ਵਿੱਚ ਪੁੱਜੇ ਪੰਜ ਮੈਂਬਰੀ ਵਫ਼ਦ ਦਾ ਸਵਾਗਤਤਾਈਵਨੀ ਵਿਦੇਸ਼ ਮੰਤਰੀ ਜੇਸੋਫ ਵੂ ਨੇ ਕੀਤਾ ਹੈ। ਅਮਰੀਕਾ ਵੱਲੋਂ ਤਾਈਵਾਨ ਨਾਲ ਸਬੰਧ ਪੱਕੇ ਕਰਨ ਦੀ ਇਸ ਕੋਸ਼ਿਸ਼ ਨੇ ਚੀਨ ਦੀ ਚਿੰਤਾ ਵਧਾ ਦਿੱਤੀ ਹੈ।

ਚੀਨ ਲਗਾਤਾਰ ਤਾਈਵਾਨ ਉੱਤੇ ਆਪਣਾ ਹੱਕ ਜਤਾ ਰਿਹਾ ਹੈ।ਬੀਤੇ ਮਹੀਨਿਆਂ ਵਿੱਚ ਚੀਨ ਲਗਾਤਾਰ ਤਾਈਵਾਨ ਦੇ ਹਵਾਈ ਖੇਤਰ ਵਿੱਚ ਆਪਣੇ ਲੜਾਕੂ ਜਹਾਜ਼ ਭੇਜਦਾ ਰਿਹਾ ਹੈ। ਮੁਲੇਨ ਦੇ ਦੌਰੇ ਪਿੱਛੋਂਅਮਰੀਕਾ ਦੇ ਸਾਬਕਾ ਵਿਦੇਸ਼ ਮੰਤਰੀ ਤਾਈਵਾਨ ਜਾਣ ਵਾਲੇ ਹਨ। ਅਮਰੀਕੀ ਵਫ਼ਦ ਦੇ ਦੌਰੇ ਬਾਰੇ ਸਵਾਲ ਉੱਤੇ ਚੀਨੀ ਵਿਦੇਸ਼ ਮੰਤਰਾਲਾ ਦੇ ਬੁਲਾਰੇ ਵਾਂਗ ਵੈਬਵਿਨ ਨੇ ਪ੍ਰੈੱਸ ਨੂੰ ਕਿਹਾ ਕਿ ਚੀਨ ਦੇ ਲੋਕ ਆਪਣੀ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਦੀ ਰਾਖੀ ਲਈ ਦ੍ਰਿੜ੍ਹ ਹਨ ਤੇ ਚੀਨ ਇਸ



ਬਾਰੇ ਅਮਰੀਕਾ ਨੂੰ ਅਪੀਲ ਕਰਦਾ ਹੈ ਕਿ ਉਹ 'ਇਕ-ਚੀਨ' ਸਿਧਾਂਤ ਦੀ ਪਾਲਣਾ ਕਰੇ।

ਵਰਨਣ ਯੋਗ ਹੈ ਕਿ ਅਮਰੀਕਾ ਦੇ ਸਾਬਕਾ ਫੌਜੀ ਅਧਿਕਾਰੀਆਂ ਦਾ ਵਫ਼ਦ ਅੱਜ ਮੰਗਲਵਾਰ ਤਾਈਵਾਨ ਪੁੱਜਾ ਹੈ, ਜੋ ਇਥੇ ਚੀਨ ਦਾ ਖ਼ਤਰਾ ਵਧਣ ਦੇ ਸ਼ੱਕ ਕਾਰਨ ਦੋਵਾਂ ਧਿਰਾਂ ਵਿਚਾਲੇਗ-ੱਲਬਾਤ ਤੇਜ਼ ਕਰਨ ਦਾ ਸੰਕੇਤ ਹੈ। ਅਮਰੀਕਾ ਦੇ ਜਾਇੰਟ ਚੀਫ਼ ਆਫ਼ ਸਟਾਫ਼ ਦੇ ਸਾਬਕਾ ਚੀਫ ਮਾਈਕਲ ਮੁਲੇਨ ਇਸ ਪੰਜ ਮੈਂਬਰੀ ਵਫ਼ਦ ਦੇ ਆਗੂ ਹਨ। ਇਹ ਵਫ਼ਦ ਦੋ ਦਿਨਾ ਦੌਰੇ ਦੌਰਾਨ ਤਾਈਵਾਨ ਦੇ ਰਾਸ਼ਟਰਪਤੀ ਸਾਈ ਇੰਗ ਵੇਨ ਤੇ ਹੋਰ ਅਧਿਕਾਰੀਆਂ ਨੂੰ ਮਿਲੇਗਾ। ਹਵਾਈ ਅੱਡੇ ਉੱਤੇ ਮੁਲੇਨ ਅਤੇ ਵਫ਼ਦ ਦੇ ਮੈਂਬਰਾਂ ਦਾ ਸਵਾਗਤ ਵਿਦੇਸ਼ ਮੰਤਰੀ ਜੇਸੋਫ ਵੂ ਨੇ ਕੀਤਾ ਹੈ। ਵੇਨ ਦੇ ਦਫ਼ਤਰ ਦੇਮੁਤਾ-ਬਕਇਹ ਵਫਦ ਖੁਦ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਨਿਯੁਕਤ ਕੀਤਾ ਹੈ ਅਤੇ ਇਸ ਦੇਦੌਰੇ ਨਾਲ ਵੱਖ-ਵੱਖ ਖੇਤਰਾਂ ਵਿੱਚ ਤਾਈਵਾਨ-ਅਮਰੀਕਾ ਵਿਚਾਲੇ ਸਹਿਯੋਗ ਦੇ ਮੁੱਦਿਆਂ ਉੱਤੇ ਵਿਚਾਰਾਂ ਹੋਣਗੀਆਂ।

## ਭਾਰਤੀ ਵਿਦਿਆਰਥੀ ਯੂਕਰੇਨ ਵਿੱਚ ਖਾਣੇ ਲਈ ਲਾਈਨ ਵਿੱਚ ਖੜੋਤਾ ਮਾਰਿਆ ਗਿਆ

### * ਪੋਲੈਂਡ ਪਹੁੰਚੇ ਕੇਂਦਰੀ ਮੰਤਰੀ ਵੱਲੋਂ ਵਿਦਿਆਰਥੀਆਂ ਨਾਲ ਮੁਲਾਕਾਤ

ਵਾਰਸਾ, 1 ਮਾਰਚ, (ਪੋਸਟ ਬਿਊਰੋ)- ਰੂਸ-ਯੂਕਰੇਨ ਜੰਗ ਦੇ ਦੌਰਾਨ ਇੱਕ ਭਾਰਤੀ ਵਿਦਿਆਰਥੀ ਦੀ ਮੌਤ ਦੀ ਖਬਰ ਆਈ ਹੈ।ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਦੱਸਿਆ ਹੈ ਕਿ ਇਹ ਗੋਲੀਬਾਰੀ ਖਾਰਕੀਵ ਵਿੱਚ ਹੋਈ ਤੇ ਇਹ ਵਿਦਿਆਰਥੀ ਕਰਨਾਟਕ ਦਾ ਵਸਨੀਕ ਸੀ। ਵਿਦਿਆਰਥੀ ਦੀ ਪਛਾਣ ਨਵੀਨ ਸ਼ੇਖਰੱਪਾ ਵਜੋਂ ਹੋਈ ਅਤੇ ਉਸ ਦਾ ਆਖਰੀ ਵੀਡੀਓ ਵੀ ਸਾਹਮਣੇ ਆਇਆ ਹੈ, ਜਿਸ ਵਿੱਚ ਉਹ ਆਪਣੇ ਮਾਪਿਆਂ ਨਾਲ ਗੱਲ ਕਰ ਰਿਹਾ ਹੈ।

ਪਤਾ ਲੱਗਾ ਹੈ ਕਿ ਖਾਣਾ ਲੈਣ ਚੱਲੇ ਨਵੀਨ ਨੇ ਫਲੈਟ ਛੱਡਣ ਤੋਂ ਪਹਿਲਾਂ ਆਪਣੇ ਪਿਤਾ ਸ਼ੇਖਰ ਨਾਲ ਗੱਲ ਕੀਤੀ ਸੀ। ਉਹ ਖਾਰਕੀਵ ਨੈਸ਼ਨਲ ਮੈਡੀਕਲ ਯੂਨੀਵਰਸਿਟੀ ਦਾ ਮੈਡੀਕਲ ਦਾ ਫਾਈਨਲ ਦਾ ਸਟੂਡੈਂਟਤੇ ਉਹ ਕਰਨ-ਾਟਕ ਦੇ ਹਾਵੇਰੀ ਦਾ ਵਸਨੀਕ ਸੀ। ਨਵੀਨ ਦੇ ਪਿਤਾ ਸ਼ੇਖਰ ਗੌੜਾ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਰੋਜ਼ ਦੋ-ਤਿੰਨ ਫੋਨ ਕਰਦਾ ਸੀ ਤੇ ਉਹ ਭਾਰਤ ਮੁੜਨਵਾਲਾ ਸੀ। ਫਾਈਨਲ ਦਾ ਵਿਦਿਆਰਥੀ ਨਵੀਨ ਓਥੇ ਖਾਰਕੀਵ ਦੇ ਪੌਸ਼ ਇਲਾਕੇ ਦੇ ਇੱਕ ਫਲੈਟ ਵਿੱਚ ਰਹਿੰਦਾ ਸੀ। ਮੰਗਲਵਾਰ ਸਵੇਰੇ 8.30



ਵਜੇ ਤੱਕ ਉਹ ਫਲੈਟਵਿੱਚ ਸੀ, ਜਿਸ ਪਿੱਛੋਂ ਉਹ ਨੇੜੇ ਦੀ ਕਰਿਆਨੇ ਦੀ ਦੁਕਾਨ ਉੱਤੇ ਖਾਣਾ ਲੈਣ ਗਿਆ ਤਾਂ ਲੰਬੀ ਲਾਈਨ ਹੋਣ ਕਾਰਨ ਉੱਥੇ ਖੜੋਣਾ ਪਿਆ। ਇਸ ਸਟੋਰ ਨੇੜੇ ਗਵਰਨਰ ਹਾਊਸ ਸੀ।ਰੂਸੀ ਫ਼ੌਜ ਨੇ ਅਚਾਨਕ ਹਵਾਈ ਹਮਲਾ ਕਰਕੇ ਗਵਰਨਰ ਹਾਊਸ ਉਡਾ ਦਿੱਤਾਅਤੇ ਇਸ ਗੋਲਾਬਾਰੀ ਵਿੱਚ ਨਵੀਨ ਦੀ ਮੌਤ ਹੋ ਗਈ। ਇੱਕ ਯੂਕਰੇਨੀ ਔਰਤ ਨੇ ਨਵੀਨ ਦੇ ਮੋਬਾਈਲ ਤੋਂ ਕਿਹਾ ਕਿ ਜਿਸ ਵਿਅਕਤੀ ਦਾ ਇਹ ਮੋਬਾਈਲ ਹੈ, ਉਸ ਦੀ ਲਾਸ਼ ਲਿਜਾਈ ਜਾ ਰਹੀ ਹੈ। ਔਰਤ ਨੇ ਉਸਦਾ ਮੋਬਾਈਲ ਫ਼ੋਨ ਚੁੱਕ ਲਿਆ ਸੀ।

ਇਸ ਦੌਰਾਨ ਭਾਰਤ ਦੇ ਕੇਂਦਰੀ ਮੰਤਰੀ ਜਨਰਲ (ਸੇਵਾਮੁਕਤ) ਵੀਕੇਸਿੰਘ ਨੇ ਅੱਜ ਪੋਲੈਂਡ ਦੇ ਵਾਰਸਾ ਵਿਖੇ ਗੁਰਦ-ੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਰਹਿ ਰਹੇ 80 ਭਾਰਤੀ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ। ਇਹ ਸਾਰੇ ਜਣੇਯੂਕਰੇਨ ਤੋਂ ਏਥੇ ਆਏ ਹਨ ਅਤੇ ਭਾਰਤ ਸਰਕਾਰ ਆਪਰੇਸ਼ਨ ਗੰਗਾ ਤਹਿਤ ਇਨ੍ਹਾਂ ਨੂੰ ਘਰ ਲਿਆਏਗੀ।
















## ਅੱਜ ਨਾਮਾ

ਸੁਣਿਆ ਸੱਥ ਸਭ ਦੇਸ਼ਾਂ ਦੀ ਯੂ ਐੱਨ ਓ,
ਅਮਨ ਰੱਖਣ ਲਈ ਗਈ ਬਣਾਈ ਹੈ ਸੀ।
ਜਿੱਥੇ ਬਣਦਾ ਤਨਾਅ ਜਿਹਾਨਜ਼ਰ ਆਵੇ,
ਰੱਖਣੀ ਓਸ ਵੱਲ ਨਜ਼ਰ ਲਗਾਈ ਹੈ ਸੀ।
ਜਿਹੜੇ ਦੇਸ਼ ਨੂੰ ਹੋਵੇ ਕੋਈ ਰੋਸ ਸ਼ਿਕਵਾ,
ਉਸ ਦੀ ਕਰਨੀ ਵੀ ਹੱਕ-ਰਸਾਈ ਹੈ ਸੀ।
ਬਹੁਤਾ ਕੰਮ ਇਹ ਹੋਈ ਨਾ ਕਰਨ ਜੋਗੀ,
ਜਾਂਦੀ ਡੰਗ ਜਿਹਾ ਸਿਰਫ ਟਪਾਈ ਹੈ ਸੀ।
ਪੈ ਗਿਆ ਆਖਰ ਨੂੰ ਐਤਕੀਂ ਬੜਾ ਪੇਚਾ,
ਹਰ ਕੋਈ ਰਸਮ ਦੇ ਰਾਗ ਅਲਾਪਦਾ ਈ।
ਕਰਦੀ ਕੱਖ ਵੀ ਦਿੱਸੇ ਨਹੀਂ ਯੂ ਐੱਨ ਓ,
ਮਾਰਦਾ ਬੰਦੇ ਨੂੰ ਬੰਦਾ ਫਿਰ ਜਾਪਦਾ ਈ।

**ਤੀਸ ਮਾਰ ਖਾਂ**

# ਰੂਸੀ ਫੌਜ ਵੱਲੋਂ ਕੀਵ ਉੱਤੇ ਹਵਾਈ ਹਮਲੇ, ਟਾਵਰ ਭੰਨਿਆ, ਚੈਨਲਾਂ ਦਾ ਪ੍ਰਸਾਰਨ ਬੰਦ



ਵਾਰਸਾ, 1 ਮਾਰਚ, (ਪੋਸਟ ਬਿਊਰੋ)- ਰੂਸ ਅਤੇ ਯੂਕਰੇਨ ਦੀ ਜੰਗ ਦੇ ਛੇਵੇਂ ਦਿਨ ਅੱਜ ਰੂਸੀ ਹਵਾਈ ਫੌਜ ਨੇ ਯੂਕਰੇਨ ਦੀ ਰਾਜਧਾਨੀ ਕੀਵ ਵਿੱਚ ਇੱਕ ਹੋਰ ਵੱਡਾ ਹਮਲਾ ਕਰ ਦਿੱਤਾ।ਪਤਾ ਲੱਗਾ ਹੈ ਕਿ ਰੂਸ ਨੇ ਕੀਵਦੇ ਟੀਵੀ ਟਾਵਰ ਉੱਤੇ ਏਅਰ ਸਟ੍ਰਾਈਕ ਕੀਤੀ ਅਤੇ ਇਸ ਪਿੱਛੋਂ ਬਾਅਦ ਯੂਕਰੇਨ ਦੇ ਟੀਵੀ ਚੈਨਲਾਂ ਦਾ ਪ੍ਰਸਾਰਨ ਬੰਦ ਹੋ ਗਿਆ।

ਅੱਜ ਮੰਗਲਵਾਰ ਨੂੰ ਰੂਸੀ ਫੌਜ ਨੇ ਯੂਕਰੇਨ ਦੇ ਦੋ ਵੱਡੇ ਸ਼ਹਿਰਾਂ ਕੀਵ ਤੇ ਖਾਰਕੀਵ ਨੂੰ ਨਿਸ਼ਾਨਾ ਬਣਾਇਆ ਅਤੇ ਇਸ ਦੌਰਾਨ ਖਾਰਕੀਵ ਵਿੱਚ ਰਿਹਾਇਸ਼ੀ ਇਲਾਕੇ ਵਿੱਚਰੂਸ ਨੇ ਮਿਜ਼ਾਈਲ ਸੁੱਟੇ, ਜਿਨ੍ਹਾਂ ਨਾਲ 8 ਲੋਕਾਂ ਦੀ ਮੌਤ ਹੋ ਗਈ ਅਤੇ ਦੱਸਿਆ ਜਾ ਰਿਹਾ ਹੈ ਕਿ ਇੱਕ ਹਸਪਤਾਲ ਵੀ ਹਮਲੇ ਦੀ ਮਾਰ ਹੇਠ ਆ ਗਿਆ।

### * ਜ਼ੈਲੈਂਸਕੀ-ਬਾਈਡੇਨ ਵਿਚਾਲੇ ਜੰਗੀ ਹਾਲਾਤ ਬਾਰੇ ਗੱਲਬਾਤ

ਦੂਸਰੇ ਪਾਸੇ ਅੱਜ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੇਂਸਕੀ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਨਾਲ ਗੱਲਬਾਤ ਕੀਤੀ।ਉਨ੍ਹਾ ਦੱਸਿਆ ਕਿ ਰੂਸ ਵਿਰੋਧੀ ਪਾਬੰਦੀਆਂ ਅਤੇ ਯੂਕਰੇਨ ਨੂੰ ਫੌਜੀ ਮਦਦ ਦੇਣ ਬਾਰੇ ਅਮਰੀਕੀ ਲੀਡਰਸ਼ਿਪ ਨਾਲ ਚਰਚਾ ਹੋਈ ਹੈ ਅਤੇ ਸਾਨੂੰ ਜਲਦੀ ਤੋਂ ਜਲਦੀ ਹਮਲਾਵਰ ਨੂੰ ਰੋਕਣਾ ਚਾਹੀਦਾ ਹੈ।

ਯੂਕਰੇਨ ਦੇ ਅਧਿਕਾਰੀਆਂ ਮੁਤਾਬਕਰੂਸੀ ਫੌਜ ਨੇ ਅੱਜ ਕੀਵ ਦੇ ਟੀਵੀ ਟਾਵਰਤੇ ਯੂਕਰੇਨ ਵਿੱਚ ਯਹੂਦੀ ਧਰਮ ਦੀ ਮੁੱਖ ਯਾਦਗਾਰ ਸਣੇਕਈਸਿਵਲ ਥਾਂਵਾਂ ਨੂੰ ਨਿਸ਼ਾਨਾ ਬਣਾ ਕੇ ਹਮਲੇ ਕੀਤੇ ਹਨ।ਯੂਕਰੇਨ ਦੀ ਸਰਕਾਰੀ ਐਮਰਜੈਂਸੀ ਸਰਵਿਸ ਨੇ ਦੱਸਿਆ ਕਿ ਟੀਵੀ ਟਾਵਰ ਉੱਤੇ ਹਮਲੇ ਨਾਲ ਪੰਜ ਲੋਕਾਂ ਦੀ ਮੌਤ ਹੋਈ ਤੇ ਪੰਜ ਜ਼ਖਮੀ ਹੋਏ ਹਨ।ਯੂਕਰੇਨ ਦੀ ਪਾਰਲੀਮੈਂਟ ਨੇ ਟੀ ਵੀ ਟਾਵਰ ਨੇੜੇ ਧੂੰਏਂ ਦੀ ਇਕ ਫੋਟੋ ਪੋਸਟ ਕੀਤੀ ਅਤੇ ਕੀਵ ਦੇ ਮੇਅਰ ਵਿਤਾਲੀ ਕਲਿਸ਼ਚਕੋ ਨੇ ਇਸਹਮਲੇ ਦੀ ਵੀਡੀਓ ਸ਼ੇਅਰ ਕੀਤੀ ਅਤੇ ਕਿਹਾ ਕਿ ਰੂਸੀ ਹਮਲੇ ਵਿੱਚ ਟਾਵਰ ਨੂੰ ਬਿਜਲੀ ਦੇਂਦੇ ਇਕ ਸਬਸਟੇਸ਼ਨ ਤੇ ਇਕ ਕੰਟਰੋਲ ਰੂਮ ਦਾ ਵੀ ਨੁਕਸਾਨ ਹੋਇਆ ਹੈ ਅਤੇ ਹੋਰ ਥਾਂਈਂ ਵੀ ਲਗਾਤਾਰ ਤੇਜ਼ ਹਮਲੇ ਹੋ ਰਹੇ ਹਨ।

# ਹਿੰਦੀ ਪੁਸਤਕ 'ਸਿੱਖ ਇਤਿਹਾਸ' ਦਾ ਮੁੱਦਾ ਚੁੱਕਣ ਨੂੰ ਸ਼੍ਰੋਮਣੀ ਕਮੇਟੀ ਨੇ ਸ਼ਰਾਰਤੀ ਕਾਰਵਾਈ ਕਿਹਾ

ਅੰਮ੍ਰਿਤਸਰ, 1 ਮਾਰਚ, (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਕਿਹਾ ਹੈ ਕਿ ਕੁਝ ਸਿੱਖ ਵਿਰੋਧੀ ਤਾਕਤਾਂ ਸਿੱਖਾਂ ਦੀ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕਰਨ ਦੇ ਯਤਨ ਕਰ ਰਹੀਆਂ ਹਨ।

ਇਸ ਸੰਬੰਧ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਗੁਰਚਰਨ ਸਿੰਘ ਗਰੇਵਾਲ ਤੇ ਗੁਰਬਖ਼ਸ਼ ਸਿੰਘ ਖ਼ਾਲਸਾ ਨੇ ਕਿਹਾ ਕਿ ਬੀਤੇ ਕੁਝ ਦਿਨਾਂ ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪੁਸਤਕ, ਜਿਸ ਵਿੱਚ ਸਿੱਖ ਇਤਿਹਾਸ ਗਲਤ ਪੇਸ਼ ਕੀਤਾ ਗਿਆ ਹੈ, ਵਿਰੁੱਧ ਧਰਨਾ ਲਾਉਣ ਵਾਲੇ ਬਲਦੇਵ ਸਿੰਘ ਸਿਰਸਾ ਜਾਣਬੁਝ ਕੇ ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕਰਦੇ ਹਨ। ਉਨ੍ਹਾਂ ਕਿਹਾ ਕਿ ਸਕੂਲ ਸਿੱਖਿਆ ਬੋਰਡ ਦੇ ਦਫ਼ਤਰ ਅੱਗੇ ਧਰਨੇ ਵਿੱਚ ਬਲਦੇਵ ਸਿੰਘ ਸਿਰਸਾ, ਲੱਖਾ ਸਿਧਾਣਾ ਅਤੇ ਕੁਝ ਹੋਰ ਸ਼ਰਾਰਤੀ ਲੋਕ ਸੋਚੀ-ਸਮਝੀ ਸਾਜ਼ਿਸ਼ ਹੇਠ ਸ਼੍ਰੋਮਣੀ ਕਮੇਟੀ ਦੀ ਬਦਨਾਮੀ ਕਰਦੇ ਹਨ। ਉਨ੍ਹਾਂ ਕਿਹਾ ਕਿ ਧਰਨੇ ਦੌਰਾਨ ਅਸਲ ਕੇਸ ਵੱਲੋਂ ਹਟ ਕੇ ਇਹ




ਲੋਕ ਸ਼੍ਰੋਮਣੀ ਕਮੇਟੀ ਦੀ 1999 ਵਿੱਚ ਛਾਪੀ ਹਿੰਦੀ ਪੁਸਤਕ 'ਸਿੱਖ ਇਤਿਹਾਸ' ਦਾਕੇਸ ਬਿਨਾਂ ਵਜ੍ਹਾ ਚੁੱਕਦੇ ਹਨ, ਜਦਕਿ ਇਹਕਿਤਾਬ ਸ਼੍ਰੋਮਣੀ ਕਮੇਟੀ ਵਾਪਸ ਲੈ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਉੱਤੇ ਇਸ ਕਿਤਾਬ ਦਾ ਕੇਸ ਵੇਖਣ ਤੋਂਇਹ ਪਤਾ ਲੱਗਾ ਹੈ ਕਿ ਇਸ ਪੁਸਤਕ ਵਿੱਚ ਕੁਝ ਇਤਰਾਜ਼ਯੋਗ ਤੱਥ ਸਨ ਅਤੇ ਇਸ ਦਾ ਸੰਗਤਾਂ ਵੱਲੋਂ ਇਤਰਾਜ਼ ਆਉਣ ਤੋਂ ਬਾਅਦ ਇਸ ਉੱਤੇ ਪਾਬੰਦੀ ਲਾ ਦਿੱਤੀ ਗਈ ਸੀ।

ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਕਿਹਾ ਕਿ 23 ਨਵੰਬਰ 2007 ਦੇ ਜਨਰਲ ਇਜਲਾਸ ਮੌਕੇ ਮਤਾ ਪਾਸ ਕਰਕੇ ਇਸ ਕਿਤਾਬ ਉੱਤੇ ਪਾਬੰਦੀ ਲਾਈ ਗਈ ਅਤੇ ਇਸ ਦੀਆਂ ਛਪੀਆਂ ਕਾਪੀਆਂ ਵਾਪਸ ਲੈ ਲਈਆਂ ਸਨ। ਉਨ੍ਹਾਂ ਕਿਹਾ ਕਿ ਜੇ ਡੀ ਕਨਿੰਘਮ ਦੀ ਅੰਗਰੇਜ਼ੀ ਕਿਤਾਬ 'ਦਿ ਹਿਸਟਰੀ ਆਫ ਸਿੱਖਜ਼' ਦਾ ਹਿੰਦੀ ਅਨੁਵਾਦ ਇਹ ਕਿਤਾਬ ਖ਼ਾਲਸਾ ਸਾਜਨਾ ਦੀ ਤੀਸਰੀ ਸ਼ਤਾਬਦੀ ਮੌਕੇ ਸਿਰਫ 300 ਦੀ ਗਿਣਤੀ ਵਿੱਚ ਛਾਪੀ ਸੀ।ਜਦੋਂ ਇਤਰਾਜ਼ ਹੋਏਤਾਂ ਇਸ ਉੱਤੇ ਪਾਬੰਦੀ ਲਾਈ ਗਈ ਤੇ ਇਸ ਦੇ ਨਾਲ ਪਹਿਲਾਂ 24 ਅਕਤੂਬਰ 2010 ਅਤੇ ਫਿਰ 11 ਅਗਸਤ 2018 ਨੂੰ ਅਖ਼ਬਾਰਾਂ ਵਿੱਚ ਇਸ਼ਤਿਹਾਰ ਛਪਵਾਏ ਗਏ ਸਨ। ਬਲਦੇਵ ਸਿੰਘ ਸਿਰਸਾ ਨੇ2007 ਵਿੱਚ ਸਿੱਖ ਗੁਰ- ਦੁਆਰਾ ਜੁਡੀਸ਼ਲ ਕਮਿਸ਼ਨ ਅੰਮ੍ਰਿਤਸਰ ਕੋਲ ਇਸ ਬਾਰੇਕੇਸ ਕੀਤਾਤਾਂ ਇਸ ਨੂੰ ਅਦਾਲਤ ਨੇ 2013 ਵਿੱਚ ਰੱਦ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਸ ਕਿਤਾਬ ਬਾਰੇ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਨੇ ਮਤਾ ਪਾਰ ਕਰ ਕੇ ਜਨਤਕ ਤੌਰ ਉੱਤੇ ਗਲਤੀ ਪ੍ਰਵਾਨ ਕੀਤੀ ਅਤੇ ਕਿਤਾਬ ਰੱਦ ਕਰ ਦਿੱਤੀ ਸੀ, ਜਿਸ ਮਗਰੋਂ ਇਸ ਦਾ ਮੁੱਦਾ ਨਹੀਂ ਬਣਦਾ। ਉਨ੍ਹਾਂ ਕਿਹਾ ਕਿ ਸਿਰਸਾ ਅਤੇ ਸ਼੍ਰੋਮਣੀ ਕਮੇਟੀ ਦੀ ਵਿਰੋਧਤਾ ਕਰਨ ਵਾਲੇ ਕੁਝ ਪੇਸ਼ੇਵਰ ਲੋਕ ਇਸ ਨੂੰ ਨਿੱਜੀ ਹਿੱਤਾਂ ਖਾਤਰ ਮੁੱਦਾ ਬਣਾ ਰਹੇ ਹਨ।

# 33.8 ਲੀਟਰ ਦੁੱਧ ਦੇ ਕੇ ਮੱਝ ਨੇ ਨੈਸ਼ਨਲ ਰਿਕਾਰਡ ਬਣਾਇਆ

ਕੈਥਲ, 1 ਮਾਰਚ (ਪੋਸਟ ਬਿਊਰੋ)- ਹਰਿਆਣੇ ਵਿੱਚ ਕੈਥਲ ਦੇ ਬੁੱਢਾ ਖੇੜ੍ਹਾ ਪਿੰਡ ਦੇ ਕਿਸਾਨ ਨਰੇਸ਼ ਦੀ ਮੁੱਰਰਾ ਨਸਲ ਦੀ ਮੱਝ ਰੇਸ਼ਮਾ ਨੇ 33.8 ਲੀਟਰ ਦੁੱਧ ਦੇ ਕੇ ਨਵਾਂ ਨੈਸ਼ਨਲ ਰਿਕਾਰਡ ਬਣਾਇਆ ਹੈ। ਉਹ ਪੂਰੇ ਭਾਰਤ ਵਿੱਚ ਸਭ ਤੋਂ ਜ਼ਿਆਦਾ ਦੁੱਧ ਦੇਣ ਵਾਲੀ ਮੱਝ ਬਣ ਗਈ ਹੈ।

ਰੇਸ਼ਮਾ ਨੇ ਪਹਿਲੀ ਵਾਰ ਜਦੋਂ ਬੱਚੇ ਨੂੰ ਜਨਮ ਦਿੱਤਾ ਤਾਂ 19-20 ਲੀਟਰ ਦੁੱਧ ਦਿੱਤਾ। ਦੂਸਰੀ ਵਾਰ 30 ਲੀਟਰ ਅਤੇ ਤੀਸਰੀ ਵਾਰ ਮਾਂ ਬਣੀ ਤਾਂ 33.8 ਲੀਟਰ। ਕਈ ਡਾਕਟਰਾਂ ਦੀ ਟੀਮ ਨੇ ਰੇਸ਼ਮਾ ਦੀਆਂ ਸੱਤ ਵਾਰ ਧਾਰਾਂ ਕੱਢਵਾ ਕੇ ਦੇਖਿਆ, ਜਿਸ ਦੇ ਬਾਅਦ ਉਹ ਸਾਰੇ ਭਾਰਤ ਵਿੱਚ ਸਭ ਤੋਂ ਵੱਧ ਦੁੱਧ ਦੇਣ ਵਾਲੀ ਮੱਝ ਬਣ ਗਈ ਹੈ। ਨੈਸ਼ਨਲ ਡੇਅਰੀ ਡਿਵੈਲਪਮੈਂਟ ਬੋਰਡ (ਐਨ ਜੀ ਬੀ ਬੀ) ਵੱਲੋਂ ਕੱਲ੍ਹ 33.8 ਲੀਟਰ ਰਿਕਾਰਡ ਦੇ ਸਰਟੀਫਿਕੇਟ ਨਾਲ ਰੇਸ਼ਮਾ ਦੀ ਦੁੱਧ ਦੀ ਫੈਟ ਦੀ ਗੁਣਵਤਾ ਵੀ 10 ਵਿੱਚੋਂ 9.31 ਨੋਟ ਕੀਤੀ ਗਈਹੈ। ਕਿਸਾਨ ਨਰੇਸ਼ ਨੂੰ ਰੇਸ਼ਮਾ ਨੇ ਨਵੀਂ ਪਛਾਣ ਦਿੱਤੀ। ਇਸ ਦੀਆਂ ਧਾਰਾਂ ਕੱਢਣ ਲਈ ਦੋ ਲੋਕਾਂ ਨੂੰ ਮੁਸ਼ੱਕਤ ਕਰਨੀ ਪੈਂਦੀ ਹੈ। ਰੇਸ਼ਮਾ ਨੇ ਰਾਸ਼ਟਰੀ ਪਸ਼ੂ ਮੇਲੇ ਵਿੱਚ ਵੀ 31.213 ਲੀਟਰ ਦੁੱਧ ਦੇ ਕੇ ਪਹਿਲਾਂ ਵੀ ਕਈ ਪੁਰਸਕਾਰ ਜਿੱਤੇ ਹਨ।

# ਪਰਵਾਰ ਨੂੰ ਵਿਦੇਸ਼ ਭੇਜਣ ਦੇ ਨਾਂ ਉੱਤੇ ਛੇ ਲੱਖ ਰੁਪਏ ਠੱਗ ਲਏ

ਜਲੰਧਰ, 1 ਮਾਰਚ (ਪੋਸਟ ਬਿਊਰੋ)- ਸੰਤੋਖਪੁਰਾ ਦੀ ਔਰਤ ਅਤੇ ਉਸ ਦੇ ਪਰਵਾਰ ਨੂੰ ਵਿਦੇਸ਼ ਭੇਜਣ ਦੇ ਨਾਂ ਉੱਤੇ ਛੇ ਲੱਖ ਰੁਪਏ ਠੱਗਣ ਵਾਲੇ ਏਜੰਟ ਸਮੇਤ ਤਿੰਨ ਲੋਕਾਂ ਦੇ ਖ਼ਿਲਾਫ਼ ਥਾਣਾ ਨੰਬਰ ਅੱਠ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ ਅਤੇ ਇਸ ਸੰਬੰਧ ਪੁਲਸ ਅਗਲੀ ਜਾਂਚ ਕਰ ਰਹੀ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਸੰਤੋਖਪੁਰਾਦੀ ਗਿਆਨ ਕੌਰ ਪਤਨੀ ਗੁਰਮੁੱਖ ਸਿੰਘ ਨੇ ਕਿਹਾ ਕਿ ਉਸਨੇ ਆਪਣੇ ਮੁਹੱਲੇ ਦੇ ਰਹਿਣ ਵਾਲੇ ਰਾਮ ਗੋਪਾਲ ਉਰਫ ਬਿੱਟੂ ਪੁੱਤਰ ਚਮਨ ਲਾਲ ਨਾਲ ਪਰਵਾਰ ਸਮੇਤ ਵਿਦੇਸ਼ ਜਾਣ ਦੀ ਗੱਲ ਕੀਤੀ ਸੀ। ਬਿੱਟੂ ਨੇ ਭਰੋਸਾ ਦਿੱਤਾ ਕਿ ਉਸ ਦਾ ਜਾਣਕਾਰ ਰਜਿੰਦਰ ਸਿੰਘ ਡੱਗੀ ਪੁੱਤਰ ਬਾਂਕਾ ਰਾਮ ਨਿਵਾਸੀ ਨੰਗਲ ਕਰਾਰ ਖਾਂ, ਮੌਜੂਦਾ ਨਿਵਾਸੀ ਜਲੰਧਰ ਛਾਉਣੀ ਅਤੇ ਪੰਡਿਤ ਜਸਪਾਲ ਪੁੱਤਰ ਪ੍ਰੀਤਮ ਸਿੰਘ ਨਿਵਾਸੀ ਨੰਗਲ ਕਰਾਰ ਖਾਂ ਏਜੰਟੀ ਦਾ ਕੰਮ ਕਰਦੇ ਹਨ। ਬਿੱਟੂ ਨੇ ਉਨ੍ਹਾਂ ਲੋਕਾਂ ਨਾਲ ਮੀਟਿੰਗ ਕਰਵਾ ਦਿੱਤੀ।ਪੀੜਤਾ ਦਾ ਕਹਿਣਾ ਹੈ ਕਿ ਉਨ੍ਹਾਂ ਲੋਕਾਂ ਨੇ ਕੰਮ ਸ਼ੁਰੂ ਕਰਨ ਲਈ ਉਸ ਕੋਲੋਂ ਛੇ ਲੱਖ ਰੁਪਏ ਅਤੇ ਪਾਸ-ਪੋਰਟ ਦੀ ਮੰਗ ਕੀਤੀ। ਉਸ ਨੇ ਆਪਣੇ ਗਹਿਣੇ ਵੇਚ ਕੇ ਅਤੇ ਹੁਦਾਰ ਪੈਸੇ ਲੈ ਕੇ ਛੇ ਲੱਖ ਰੁਪਏ ਏਜੰਟ ਨੂੰ ਦੇ ਦਿੱਤੇ। ਇਸ ਤੋਂ ਬਾਅਦ ਉਕਤ ਲੋਕਾਂ ਨੇ ਕੋਈ ਕੰਮ ਨਹੀਂ ਕੀਤਾ। ਗਿਆਨ ਕੌਰ ਦਾ ਕਹਿਣਾ ਹੈ ਕਿ ਉਸਦੇ ਕੇਸ ਦੀ ਜਾਂਚ ਜਿਸ ਸਬ-ਇੰਸਪੈਕਟਰ ਨੂੰ ਦਿੱਤੀ ਪਰ ਉਸ ਨੇ ਵੀ ਏਜੰਟ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ। ਕੋਈ ਹੱਲ ਨਾ ਨਿਕਲਣ ਉੱਤੇ ਪੀੜਤਾ ਨੇ ਕਮਿਸ਼ਨਰ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ।

# ਯੂਰਪੀਅਨ ਯੂਨੀਅਨ ਨੇ ਯੂਕਰੇਨ ਨੂੰ ਸਰਬਸੰਮਤੀ ਨਾਲ ਮੈਂਬਰ ਬਣਾ ਲਿਆ



ਲੰਡਨ, 1 ਮਾਰਚ, (ਪੋਸਟ ਬਿਊਰੋ)- ਰੂਸੀ ਨਾਲ ਜੰਗ ਦੇ ਦਰਮਿਆਨ ਹੀਯੂਰਪੀਨ ਯੂਨੀਅਨ (ਈ ਯੂ) ਨੇ ਯੂਕਰੇਨ ਦੀ ਯੂਰਪੀ ਯੂਨੀਅਨ ਦੀ ਮੈਂਬਰਸ਼ਿਪ ਲੈਣ ਦੀ ਅਰਜ਼ੀ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਇਸ ਰਸਮੀ ਕਾਰਵਾਈ ਨਾਲ ਯੂਕਰੇਨਅੱਜ ਤੋਂਯੂਰਪੀਅਨ ਯੂਨੀਅਨ ਦਾ ਹਿੱਸਾ ਬਣ ਗਿਆ ਹੈ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸੋਮਵਾਰ ਨੂੰ ਯੂਕਰੇਨ ਦੇ ਰਾਸ਼ਟਰਪਤੀ ਵੋਲੋਡੀਮੀਰ ਜ਼ੈਲੈਂਸਕੀ ਨੇ ਈਯੂ ਦੀ ਮੈਂਬਰਸ਼ਿਪ ਲਈ ਅਰਜ਼ੀ ਉੱਤੇ ਦਸਖਤ ਕਰ ਕੇ ਜਲਦੀ ਪ੍ਰਵਾਨਗੀ ਦੇਣ ਦੀ ਅਪੀਲ ਕੀਤੀ ਸੀ। ਇਸ ਦੌਰਾਨ ਅੱਜ ਜ਼ੈਲੈਂਸਕੀ ਨੇ ਕਿਹਾ ਕਿ ਯੂਕਰੇਨਯੂਰਪ ਦਾ ਬਰਾਬਰ ਦਾ ਮੈਂਬਰ ਬਣਨ ਲਈ ਲੜ ਰਿਹਾ ਹੈ। ਉਨ੍ਹਾਂ ਨੇ ਯੂਰਪੀਅਨ ਯੂਨੀਅਨ ਦੀ ਪਾਰਲੀਮੈਂਟ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਯੂਰਪ ਦਾ ਬਰਾਬਰ ਦਾ ਮੈਂਬਰ ਬਣਨ ਲਈ ਰੂਸ ਨਾਲ ਲੜ ਰਹੇ ਹਾਂ।ਉਨ੍ਹਾ ਕਿਹਾ ਕਿ ਮੇਰੀ ਰਾਏ ਹੈ ਕਿ ਅੱਜ ਅਸੀਂ ਸਭ ਨੂੰ ਦਿਖਾ ਰਹੇ ਹਾਂ ਕਿ ਅਸੀਂ ਕੀ ਹਾਂ, ਅਸੀਂ ਸਾਬਤ ਕਰ ਦਿੱਤਾ ਹੈ ਕਿ ਘੱਟੋ-ਘੱਟ ਅਸੀਂ ਤੁਹਾਡੇ ਵਰਗੇ ਹੀ ਹਾਂ।ਇਸ ਤੋਂ ਪਹਿਲਾਂ ਉਨ੍ਹਾਂ ਨੇ ਸੋਮਵਾਰ ਨੂੰ ਕਿਹਾ ਸੀ ਕਿ ਜਦ ਇੱਕ ਪੱਖ ਦੂਸਰੇ ਨੂੰ ਰਾਕੇਟ ਤੇ ਹਥਿਆਰਾਂ ਨਾਲ ਨਿਸ਼ਾਨਾ ਬਣਾ ਰਿਹਾ ਹੋਵੇ ਤਾਂਅਸੀਂ ਢਿੱਲ ਦੇਣ ਲਈ ਤਿਆਰ ਨਹੀਂ।
















ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

Founder Editor — Jagdish Singh Grewal
Managing Director — Parminder Kaur Grewal
Contributing Editors — Gyan Singh,
Office Admin — Sajandeep Singh
Graphic Designer — Angrez Singh
Photographer — Kanwaljit Singh Kanwal
Distributer Marketing: — Aman Warraich, Sajandeep Singh

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਯੂ ਪੀ ਚੋਣਾਂ ਅਤੇ ਤਨਾਅ: ਕੁਸ਼ੀਨਗਰ ਵਿੱਚ ਸਮਾਜਵਾਦੀ ਪਾਰਟੀ ਲੀਡਰ ਸਵਾਮੀ ਪ੍ਰਸਾਦ ਮੌਰਿਆ ਦੇ ਕਾਫਲੇ ਉੱਤੇ ਹਮਲਾ

*** 10 ਜ਼ਖਮੀ, 13 ਗੱਡੀਆਂ ਨੁਕਸਾਨੀਆਂ ਗਈਆਂ**



ਕੁਸ਼ੀਨਗਰ, 1 ਮਾਰਚ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਕੁਸ਼ੀਨਗਰ ਦੇ ਫਾਜ਼ਿਲਨਗਰ ਅਸੈਂਬਲੀਹਲਕੇ ਦੇ ਥਾਣਾ ਵਿਸ਼ਨੂੰਪੁਰਾ ਦੇ ਚਾਫ ਪਿੰਡ ਦੇ ਤੋਲਾ ਖਲਵਾ ਪੱਟੀ ਵਿੱਚ ਭਾਜਪਾ ਅਤੇ ਸਮਾਜਵਾਦੀ ਵਰਕਰਾਂ ਦੀ ਝੜਪ ਹੋ ਗਈ। ਇੱਟਾਂ-ਪੱਥਰ ਚੱਲਣ ਨਾਲ ਇਸ ਝਗੜੇ ਵਿੱਚ 10 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ ਅਤੇ 13 ਗੱਡੀਆਂ ਦਾ ਨੁਕਸਾਨ ਹੋਇਆ। ਇਸ ਦੇ ਵਿਰੁੱਧਸਮਾਜਵਾਦੀ ਪਾਰਟੀ ਦੇ ਉਮੀਦਵਾਰ ਤੇ ਸਾਬਕਾ ਕੈਬਨਿਟ ਮੰਤਰੀ ਪ੍ਰਸਾਦ ਮੌਰਿਆ ਨੇ ਭਾਜਪਾ ਵਰਕਰਾਂ ਉੱਤੇ ਦੋਸ਼ ਲਾ ਕੇ ਤਾਮਕੁਹੀ-ਪਦਰੂਣਾ ਰੋਡ ਉੱਤੇ ਧਰਨਾ ਲਾਦਿੱਤਾ। ਦੂਸਰੇ ਪਾਸੇ ਮੌਰਿਆ ਦੀ ਬੇਟੀ ਤੇ ਭਾਜਪਾ ਪਾਰਲੀਮੈਂਟ ਮੈਂਬਰ ਸੰਘ ਮਿੱਤਰਾ ਮੌਰਿਆ ਨੇ ਭਾਜਪਾ ਵਰਕਰਾਂ ਨੂੰ ਗੁੰਡੇ ਕਹਿ ਕੇ ਜਨਤਕ ਤੌਰ ਉੱਤੇਆਪਣੇ ਪਿਤਾ ਦੀ ਜਿਤ ਲਈ ਅਪੀਲ ਕਰ ਦਿੱਤੀ, ਜਿਸਨਾਲ ਵੋਟਾਂ ਤੋਂ ਦੋ ਦਿਨ ਪਹਿਲਾਂ ਸਿਆਸਤ ਵਿੱਚ ਤਨਾਅ ਆ ਗਿਆ ਹੈ।

ਮਿਲੀ ਜਾਣਕਾਰੀ ਅਨਸੁਾਰ ਭਾਜਪਾ ਵਰਕਰ ਖਲਵਾਪੱਟੀ ਵਿੱਚ ਚੋਣ ਪ੍ਰਚਾਰ ਕਰ ਰਹੇ ਸਨ ਤਾਂ ਸਵਾਮੀ ਪ੍ਰਸਾਦ ਮੌਰਿਆ ਦਾ ਕਾਫਲਾ ਰੋਡ ਸ਼ੋਅ ਕਰਦਾ ਓਥੇਗਿਆ ਤਾਂ ਅਚਾਨਕ ਇੱਟਾਂ-ਪੱਥਰ ਚੱਲ ਗਏ ਤੇ ਭਗਦੜ ਮੱਚ ਗਈ। ਇਸ ਦੇ ਵਿਰੁੱਧਮੌਰੀਆ ਨੇ ਪਿੰਡ ਦੇ ਬਾਹਰ ਤਾਮਕੁਹੀ-ਪਦਰੌਣਾ ਰੋਡ ਜਾਮ ਕਰਕੇਧਰਨਾ ਸ਼ੁਰੂ ਕਰ ਦਿੱਤਾ ਤਾਂ ਥਾਣਾ ਮੁਖੀ ਓਥੇ ਪੁੱਜੇ।ਫਿਰ ਐਡੀਸ਼ਨਲ ਜ਼ਿਲਾ ਮੈਜਿਸਟਰੇਟ ਦੇਵੀ ਦਿਆਲ ਵਰਮਾ ਅਤੇ ਏ ਐੱਸਪੀ ਰਿਤੇਸ਼ ਕੁਮਾਰ ਸਿੰਘ ਪੁੱਜੇ ਅਤੇ ਧਰਨਾ ਚੁੱਕਣ ਦੀ ਅਪੀਲ ਕੀਤੀ।ਦੂਸਰੇ ਪਾਸੇ ਝਗੜੇ ਦਾ ਪਤਾ ਲੱਗਾ ਤਾਂ ਭਾਜਪਾ ਉਮੀਦਵਾਰ ਸੁਰਿੰ-ਦਰ ਕੁਸ਼ਵਾਹਾ ਨੇ ਥਾਣੇ ਅੱਗੇ ਧਰਨਾ ਲਾਦਿੱਤਾ ਤੇ ਫਿਰ ਦੇਵਰੀਆ ਹਲਕੇ ਦੇ ਭਾਜਪਾ ਪਾਰਲੀਮੈਂਟ ਮੈਂਬਰ ਰਮਾਪਤੀ ਰਾਮ ਤ੍ਰਿਪਾਠੀ ਜਾ ਪੁੱਜੇ। ਅਧਿਕਾਰੀਆਂ ਨਾਲ ਗੱਲਬਾਤ ਦੇ ਬਾਅਦ ਭਾਜਪਾ ਉਮੀਦਵਾਰ ਨੇ ਧਰਨਾ ਸਮਾਪਤ ਕਰ ਦਿੱਤਾ।

ਦੂਸਰੇ ਪਾਸੇ ਪਿਛਲੇ ਦੋ ਦਿਨਾਂ ਤੋਂ ਇਸ ਇਲਾਕੇ ਵਿੱਚਆਪਣੇ ਪਿਤਾਅਤੇ ਸਮਾਜਵਾਦੀ ਉਮੀਦਵਾਰਲਈ ਚੋਣ ਪ੍ਰਚਾਰ ਦੇ ਚਰਚਿਆਂ ਦੌਰਾਨ ਅੱਜ ਮੰਗਲਵਾਰ ਨੂੰ ਭਾਜਪਾ ਦੀ ਪਾਰਲੀਮੈਂਟ ਮੈਂਬਰ ਸੰਘ ਮਿੱਤਰਾ ਨੇ ਕਿਹਾ ਕਿ ਮੇਰੇ ਪਿਤਾ ਉੱਤੇ ਭਾਜਪਾ ਦੇ ਗੁੰਡਿਆਂ ਨੇ ਨਿਸ਼ਾਨਾ ਬਣਾ ਕੇ ਹਮਲਾ ਕੀਤਾ ਹੈ। ਜਦੋਂ ਹਮਲੇ ਦੀ ਖ਼ਬਰ ਸੁਣ ਕੇ ਮੈਂ ਆਈ ਤਾਂ ਭਾਜਪਾ ਨੇ ਮੈਨੂੰ ਰਸਤੇ ਵਿੱਚ ਘੇਰਨ ਦੀ ਕੌਸ਼ਿਸ਼ ਕੀਤੀ ਹੈ। ਇਸ ਤੋਂ ਉਲਟ ਭਜਪਾ ਦੇ ਪਾਰਲੀਮੈਂਟ ਮੈਂਬਰ ਵਿਜੇ ਕੁਮਾਰ ਦੂਬੇ ਨੇ ਕਿਹਾ ਕਿ ਆਪਣੀ ਹਾਰ ਦੇਖ ਕੇ ਸਮਾਜਵਾਦੀ ਉਮੀਦਵਾਰ ਸਵਾਮੀ ਪ੍ਰਸਾਦ ਮੌਰਿਆ ਸਿਆਸਤ ਕਰਦੇ ਹਨ।ਸਮਾਜਵਾਦੀ ਉਮੀਦਵਾਰ ਸਵਾਮੀ ਪ੍ਰਸਾਦ ਮੌਰਿਆ ਨੇ ਕਿਹਾ ਕਿ ਮੇਰੇ ਰੋਡ ਸ਼ੋਅ ਲਈ ਰੂਟ ਚਾਰਟ ਪਹਿਲਾਂ ਤੈਅ ਕੀਤਾ ਸੀ।ਜਦੋਂ ਮੈਂ ਇਸ ਪਿੰਡ ਗਿਆ ਤਾਂ ਭਾਜਪਾਵਰਕਰਾਂ ਨੇ ਮੇਰੀ ਗੱਡੀ ਨੂੰ ਨਿਸ਼ਾਨਾ ਬਣਾ ਕੇ ਪਥਰਾਅ ਕੀਤਾ। ਮੇਰੇ ਡਰਾਈਵਰ ਦੇ ਕੰਨ ਉੱਤੇ ਸੱਟ ਲੱਗੀ ਤੇ ਕਈ ਵਰਕਰ ਜ਼ਖਮੀ ਹੋ ਗਏ, ਪਰਮੈਂ ਅੱਜ ਆਪਣੀ ਕਾਰ ਵਿੱਚ ਨਾ ਹੋਣ ਕਰ ਕੇ ਬਚ ਗਿਆ।

## ਖ਼ਾਲਿਸਤਾਨੀ ਖਾੜਕੂਆਂ ਦਾ ਸਾਥੀ ਹਰਿਆਣਾ ਪੁਲਸ ਵੱਲੋਂ ਗ੍ਰਿਫ਼ਤਾਰ

ਸੋਨੀਪਤ, 1 ਮਾਰਚ, (ਪੋਸਟ ਬਿਊਰੋ)- ਹਰਿਆਣਾ ਦੇ ਸੋਨੀਪਤ ਤੋਂ ਫੜੇ ਖ਼ਾਲਿਸਤਾਨੀਖਾੜਕੂਆਂਦਾ ਇਕ ਹੋਰ ਸਾਥੀ ਪੁਲਿਸ ਨੇ ਸੋਮਵਾਰ ਰਾਤ ਗ੍ਰਿਫ਼ਤਾਰ ਕਰ ਲਿਆ।ਉਹ ਮੋਹਾਣਾ ਥਾਣੇ ਦੇ ਪਿੰਡ ਜੁਆਂ ਦਾ ਵਾਸੀ ਤਰੁਣ ਉਰਫ ਤਰੁਣਜੀਤ ਹੈ।ਪਤਾ ਲੱਗਾ ਹੈ ਕਿ ਉਹ ਪਿੰਡ ਵਿੱਚ ਅਟਲ ਸੇਵਾ ਕੇਂਦਰ ਚਲਾਉਂਦਾ ਹੈ।

ਇਸ ਬਾਰੇ ਪੁਲਸ ਦਾ ਕਹਿਣਾ ਹੈ ਕਿ ਤਰੁਣ ਨੇ ਮੁੱਖ ਦੋਸ਼ੀ ਸਾਗਰ ਨਾਲ ਦੋਸਤੀ ਕਾਰਨ ਉਸ ਦਾ ਫ਼ਰਜ਼ੀ ਆਧਾਰ ਕਾਰਡਤੇ ਡਰਾਈਵਿੰਗ ਲਾਇਸੈਂਸ ਬਣਾਇਆ ਸੀ, ਜਿਸ ਵਿੱਚਵੱਖ-ਵੱਖ ਨਾਂਵਾਂ ਦੇ ਨਾਲ ਚੰਡੀਗੜ੍ਹ ਤੇ ਫਤਿਹਾਬਾਦ ਦਾ ਐਡਰੈੱਸਦਿੱਤਾ ਸੀ।ਖ਼ੁਫ਼ੀਆ ਏਜੰਸੀ ਤੇ ਪੰਜਾਬ ਪੁਲਿਸ ਤੋਂ ਮਿਲੇ ਇਨਪੁਟ ਉੱਤੇ ਸੋਨੀਪਤ ਪੁਲਿਸ ਦੀ ਅਪਰਾਧ ਜਾਂਚ ਸ਼ਾਖਾ ਨੇ 19 ਫਰਵਰੀ ਨੂੰ ਚਾਰ ਖ਼ਾਲਿਸਤਾਨੀਖਾੜਕੂਆਂ ਨੂੰ ਫੜਿਆ ਸੀ। ਉਨ੍ਹਾਂ ਦੀ ਪਛਾਣ ਪਿੰਡ ਜੁਆਂ ਦੇ ਸਾਗਰ ਉਰਫ ਬਿੰਨੀ, ਸੁਨੀਲ ਉਰਫ ਭਲਵਾਨ, ਜਤਿਨ ਅਤੇ ਪਿੰਡ ਰਾਜਪੁਰ ਦੇ ਸੁਰਿੰਦਰ ਉਰਫ ਸੋਨੂੰ ਵਜੋਂ ਹੋਈ ਸੀ।ਇਸ ਕੇਸ ਵਿੱਚ ਸਾਗਰ ਤੇ ਸੁਨੀਲ ਪੁਲਿਸ ਰਿਮਾਂਡ ਉੱਤੇ ਹਨ ਤੇ ਉਨ੍ਹਾਂ ਦੇ ਸਾਥੀ ਜਤਿਨ ਤੇ ਸੁਰਿੰਦਰ ਨੂੰ ਜੇਲ੍ਹ ਭੇਜੇ ਗਏ ਹਨ। ਪੁਲਿਸ ਨੇ ਦੋਸ਼ੀ ਤਰੁਣ ਨੂੰ ਅਦਾਲਤ ਪੇਸ਼ ਕੀਤਾ ਤਾਂ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ। ਗ੍ਰਿਫ਼ਤਾਰੀ ਪਿੱਛੋਂ ਪੁਲਿਸ ਨੂੰ ਸਾਗਰ ਦੇ ਘਰੋਂ ਫ਼ਰਜ਼ੀ ਆਧਾਰ ਕਾਰਡ ਅਤੇ ਡਰਾਈਵਿੰਗ ਲਾਇਸੈਂਸ ਮਿਲੇ, ਜਿਸ ਉੱਤੇ ਉਸ ਦਾ ਨਾਂ ਅਤੇ ਪਤਾ ਵੱਖ-ਵੱਖ ਸੀ। ਆਧਾਰ ਕਾਰਡ ਉੱਤੇ ਉਸ ਦਾ ਨਾਂ ਆਯੁਸ਼ ਬਰਾਲ ਪੁੱਤਰ ਗੁਰਬਚਨ ਸਿੰਘ ਵਾਸੀ ਸੈਕਟਰ-25 ਚੰਡੀਗੜ੍ਹ ਅਤੇ ਡਰਾਈਵਿੰਗ ਲਾਇਸੈਂਸ ਉੱਤੇ ਉਸ ਦਾ ਨਾਂ ਸਾਹਿਲ ਵਾਸੀ ਫਤਿਹਾਬਾਦ ਸੀ। ਇਸ ਤੋਂ ਬਾਅਦ ਪੁਲਿਸ ਨੇ ਸਾਗਰ ਤੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਫ਼ਰਜ਼ੀ ਆਧਾਰ ਕਾਰਡ ਤੇ ਡਰਾਈਵਿੰਗ ਲਾਇਸੈਂਸ ਆਪਣੇ ਪਿੰਡ ਵਿੱਚ ਅਟਲ ਸੇਵਾ ਕੇਂਦਰ ਚਲਾਉਣ ਵਾਲੇ ਤਰੁਣ ਤੋਂ ਬਣਵਾਉਣ ਦੀ ਗੱਲ ਕਹੀ ਸੀ।

## ਸੂਚਨਾ ਮੰਗਦੇ ਦਲਿਤ ਕਾਰਕੁੰਨ ਨੂੰ ਜੁੱਤੀ ਵਿਚ ਪਿਸ਼ਾਬ ਪਿਆਇਆ, ਹੱਥ-ਪੈਰ ਤੋੜੇ

ਗਵਾਲੀਅਰ, 1 ਮਾਰਚ, (ਪੋਸਟ ਬਿਊਰੋ)- ਇਸ ਜ਼ਿਲੇ ਵਿੱਚ ਇੱਕ ਆਰਟੀਆਈ (ਸੂਚਨਾ ਅਧਿਕਾਰ) ਵਰਕਰ ਨਾਲ ਅਣਮਨੁੱਖੀ ਜ਼ੁਲਮ ਦੀਆਂ ਹੱਦਾਂ ਪਾਰ ਕਰ ਦਿੱਤੀਆਂ ਗਈਆਂ ਹਨ। ਪੰਚਾਇਤ ਸੈਕਟਰੀ ਤੇ ਸਰਪੰਚ ਦੇ ਪਤੀ ਸਮੇਤ ਕੁਝ ਲੋਕਾਂ ਨੇ ਇਸ ਦਲਿਤ ਵਰਕਰ ਦੀ ਜੁੱਤੀਆਂ ਨਾਲ ਕੁੱਟਮਾਰ ਕੀਤੀ ਅਤੇ ਜੁੱਤੀ ਵਿੱਚ ਪੇਸ਼ਾਬ ਭਰ ਕੇ ਉਸ ਪਿਆ ਦਿੱਤਾ।ਕੁੱਟਮਾਰ ਨਾਲ ਬੁਰੀ ਤਰ੍ਹਾਂ ਜ਼ਖਮੀ ਵਰਕਰ ਗੰਭੀਰ ਹਾਲਤ ਵਿੱਚਦਿੱਲੀ ਦੇ ਏਮਜ਼ ਹਸਪਤਾਲ ਵਿੱਚ ਦਾਖਲ ਹੈ। ਪੁਲੀਸ ਨੇ ਇਸ ਬਾਰੇ ਦੋਸ਼ੀਆਂ ਦੇ ਖਿਲਾਫ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕਰ ਲਿਆ ਹੈ।



ਪਤਾ ਲੱਗਾ ਹੈ ਕਿ ਸ਼ਸ਼ੀਕਾਂਤ ਜਾਟਵ ਨਾਂਅ ਦੇ 33 ਸਾਲਾ ਆਰ ਟੀ ਆਈ ਵਰਕਰ ਨੇ ਬਾਰ੍ਹੀ ਪਿੰਡ ਦੀ ਪੰਚਾਇਤ ਨੂੰ ਅਰਜ਼ੀ ਦੇ ਕੇ ਕੁਝਸੂਚਨਾ ਮੰਗੀ ਸੀ। ਆਰਟੀਆਈ ਲਾਗੂ ਹੁੰਦੇ ਸਾਰ ਬਾਰ੍ਹੀ ਦੀ ਸਰਪੰਚ ਦੇ ਪਤੀ ਅਤੇ ਉਸ ਪਿੰਡ ਦੇ ਪੰਚ-ਾਇਤ ਸੈਕਟਰੀ ਨੇ 23 ਫਰਵਰੀ ਨੂੰ ਸ਼ਸ਼ੀਕਾਂਤ ਨੂੰ ਗ੍ਰਾਮ ਪੰਚਾਇਤ ਦਫ਼ਤਰ ਸੱਦਿਆ ਤੇ ਕਮਰੇ ਵਿਚ ਬੰਦ ਕਰ ਕੇ ਕਈ ਲੋਕਾਂ ਨੇ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਤੇ ਜਾਤੀ ਸੂਚਕ ਗਾਲਾਂ ਕੱਢੀਆਂ। ਸ਼ਸ਼ੀਕਾਂਤ ਦੀ ਪਤਨੀ ਨੇ ਦੱਸਿਆ ਕਿ ਕੁੱਟਮਾਰ ਦੌਰਾਨ ਦੋਸ਼ੀਆਂ ਨੇ ਸ਼ਸ਼ੀਕਾਂਤ ਨੂੰ ਜੁੱਤੀ ਵਿੱਚਪਿਸ਼ਾਬਭਰ ਕੇ ਸ਼ਸ਼ੀਕਾਂਤ ਨੂੰ ਪਿਆਇਆ।ਇਸ ਕੁੱਟਮਾਰ ਵਿੱਚ ਜ਼ਖਮੀ ਹੋਣ ਪਿੱਛੋਂ ਸ਼ਸ਼ੀਕਾਂਤ ਨੂੰ ਗਵਾਲੀਅਰ ਦੇ ਹਸਪਤਾਲਭਰਤੀ ਕਰਵਾਇਆ ਗਿਆ, ਪਰ ਸਥਿਤੀ ਗੰਭੀਰ ਹੋਣ ਉੱਤੇ ਉਸ ਨੂੰ ਦਿੱਲੀ ਦੇ ਏਮਜ਼ ਵਿੱਚ ਸ਼ਿਫਟ ਕਰਨਾ ਪਿਆ।

## ਅਫ਼ਗਾਨੀ ਲੋਕ ਈਰਾਨ ਜਾਣ ਲਈ ਮਜ਼ਬੂਰ




ਕਾਬੁਲ, 1 ਮਾਰਚ (ਪੋਸਟ ਬਿਊਰੋ)- ਅਫ਼ਗਾਨਿਸਤਾਨ ਦੇ ਹੇਰਾਤ ਤੇ ਨਿਮ-ਰੋਜ ਸੂਬੇ ਤੋਂ ਬੇਰੁਜ਼ਗਾਰੀ ਕਾਰਨ ਹਰ ਦਿਨ ਤਿੰਨ ਹਜ਼ਾਰ ਤੋਂ ਵੱਧ ਅਫਗਾਨੀ ਨਾਗਰਿਕ ਈਰਾਨ ਜਾ ਰਹੇ ਹਨ।

ਟੋਲੋ ਨਿਊਜ਼ ਦੀ ਰਿਪੋਰਟ ਦੇ ਮੁਤਾਬਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਫ਼ਗਾਨਿਸਤਾਨ ਤੋਂ ਹਿਜਰਤ ਕਰ ਕੇ ਈਰਾਨ ਜਾਣ ਵਾਲਿਆਂ ਦੀ ਗਿਣਤੀ ਉਨ੍ਹਾਂ ਲੋਕਾਂ ਦੀ ਹੈ, ਜੋ ਜਾਇਜ਼ ਤਰੀਕੇ ਨਾਲ ਈਰਾਨ ਵਿੱਚਜਾਂਦੇ ਹਨ। ਨਾਜਾਇਜ਼ ਤਰੀਕੇ ਨਾਲ ਸਰਹੱਦ ਪਾਰ ਕਰਕੇ ਈਰਾਨ ਜਾਣ ਵਾਲਿਆਂ ਦੀ ਗਿਣਤੀ ਇਸ ਤੋਂ ਕਿਤੇ ਵੱਧ ਹੈ। ਵੱਡੇ ਆਰਥਿਕ ਸੰਕਟ ਤੇ ਬੇਰੁਜ਼ਗਾਰੀ ਨਾਲ ਜੂਝ ਰਹੇ ਇਹ ਅਫਗਾਨੀ ਇਨ੍ਹਾਂ ਰਾਜਾਂ ਤੋਂ ਨਾਜਇਜ਼ ਤਰੀਕੇ ਨਾਲ ਵੀ ਸਰਹੱਦ ਪਾਰ ਕਰਦੇ ਹਨ। ਹੇਰਾਤ ਦੇ ਵਾਸੀ ਫਰਯਾਬ ਸੁਲਤਾਨੀ ਮੀਰ ਨੇ ਕਿਹਾ ਕਿ ਅਫ਼ਗਾਨਿਸਤਾਨ ਵਿੱਚ ਕੋਈ ਕੰਮ-ਧੰਦਾ ਨਹੀਂ ਤੇ ਕੰਮ ਦੀ ਭਾਲ ਵਿੱਚ ਉਹ ਸਾਰੇ ਈਰਾਨ ਜਾਂਦੇ ਹਨ। ਅਜਿਹੇ ਬਹੁਤ ਸਾਰੇ ਅਫ਼ਗਾਨੀ ਵੀ ਹਨ ਜੋ ਨਿਮਰੋਜ ਸੂਬੇ ਦੇ ਰਸਤਿਓਂ ਨਾਜਾਇਜ਼ ਤਰੀਕੇ ਨਾਲ ਪਹਿਲਾਂ ਪਾਕਿਸਤਾਨ ਤੇ ਫਿਰ ਈਰਾਨ ਪਹੁੰਚਦੇ ਹਨ। ਹਰ ਦਿਨ ਹੇਰਾਤ ਦੇ ਦੋ ਹਜ਼ਾਰ ਤੋਂ ਵੱਧ ਅਫ਼ਗਾਨ ਲੋਕ ਇਸਲਾਮ ਕਾਲਾ ਬਾਰਡਰ ਦੇ ਰਸਤਿਓਂ ਈਰਾਨ ਪਹੁੰਚਦੇ ਹਨ। ਸੰਯੁਕਤ ਰਾਸ਼ਟਰ ਮੁਤਾਬਕ 2.4 ਕਰੋੜ ਲੋਕਾਂ ਨੂੰ ਆਪਣੀ ਜ਼ਿੰਦਗੀ ਬਚਾਉਣ ਲਈ ਤੁਰੰਤ ਸਹਾਇਤਾ ਦੀ ਲੋੜ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

**|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




**ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org**

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
**647-739-4641**
**346-714-0224**


## ਸੇਬੀ ਦੀ ਜ਼ਿੰਮੇਵਾਰੀ ਪਹਿਲੀ ਵਾਰ ਕੋਈ ਔਰਤ ਸੰਭਾਲੇਗੀ

ਨਵੀਂ ਦਿੱਲੀ, 1 ਮਾਰਚ (ਪੋਸਟ ਬਿਊਰੋ)- ਭਾਰਤ ਦੀ ਸਭ ਤੋਂ ਵੱਡੀ ਬੀਮਾ ਕੰਪਨੀ ਜੀਵਨ ਬੀਮਾ ਕਾਰਪੋਰੇਸ਼ਨ (ਐਲ ਆਈ ਸੀ)ਨੇ ਆਈ ਪੀ ਓ ਤੋਂ ਪਹਿਲਾਂ ਬਾਜ਼ਾਰ ਰੇਗੂਲੇਟਰੀ ਸਕਿਓਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ(ਸੇਬੀ) ਵਿੱਚ ਵੱਡਾ ਬਦਲਾਅ ਕਰ ਕੇ ਮਾਧਬੀ ਪੁਰੀ ਬੁਚ ਨੂੰ ਸੇਬੀ ਦੀ ਨਵੀਂ ਚੇਅਰਪਰਸਨ ਬਣਾਇਆ ਹੈ।



ਮਾਧਬੀ ਪੁਰੀ ਇਹ ਅਹੁਦਾ ਸੰਭਾਲਣ ਵਾਲੀ ਪਹਿਲੀ ਮਹਿਲਾ ਹੋਵੇਗੀ। ਉਹ ਅਜੇ ਤਿਆਗੀ ਦੀ ਜਗ੍ਹਾ ਲੈਣਗੇ, ਜਿਨ੍ਹਾਂ ਦਾ ਪੰਜ ਸਾਲ ਦਾ ਕਾਰਜਕਾਲ ਕੱਲ੍ਹ ਖ਼ਤਮ ਹੋ ਗਿਆ ਹੈ। ਵਿੱਤ ਮੰਤਰਾਲੇ ਨੇ ਅਕਤੂਬਰ 2021 ਵਿੱਚ ਇਸ ਅਹੁਦੇ ਲਈ ਅਰਜ਼ੀਆਂ ਮੰਗੀਆਂ ਸਨ, ਜਿਸ ਦੀ ਆਖ਼ਰੀ ਮਿਤੀ 6 ਦਸੰਬਰ 2021 ਸੀ।ਹਿਮਾਚਲ ਕੇਡਰ ਦੇ 1984 ਵਾਲੇ ਬੈਚ ਦੇ ਆਈ ਏ ਐਸ ਅਧਿਕਾਰੀ ਤਿਆਗੀ ਨੂੰ 1 ਮਾਰਚ 2017 ਨੂੰ ਤਿੰਨ ਸਾਲਾਂ ਲਈ ਸੇਬੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਨੂੰ ਛੇ ਮਹੀਨੇ ਲਈ ਸੇਵਾ ਵਿੱਚ ਵਾਧਾ ਦਿੱਤਾ ਗਿਆ ਸੀ।ਅਗਸਤ 2020 ਵਿੱਚ ਉਨ੍ਹਾਂ ਦਾ ਕਾਰਜਕਾਲ ਦੁਬਾਰਾ 18 ਮਹੀਨਿਆਂ ਲਈ ਵਾਧਾ ਦਿੱਤਾ ਗਿਆ। ਮਾਧਬੀ ਪੁਰੀ ਵੀ ਸੇਬੀ ਦੀ ਪੂਰਾ ਸਮਾਂ ਮੈਂਬਰ ਰਹਿ ਚੁੱਕੀ ਹੈ। ਉਹ 5 ਅਪ੍ਰੈਲ 2017 ਤੋਂ 4 ਅਕਤੂਬਰ 2018 ਤਕ ਇਸ ਅਹੁਦੇ ਉੱਤੇ ਰਹੇ। ਐਲ ਆਈ ਸੀ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਸੇਬੀ ਕੋਲ ਆਈ ਪੀ ਓ ਲਈ ਡਰਾਫ਼ਟ ਦਸਤਾਵੇਜ਼ ਜਮ੍ਹਾਂ ਕਰਵਾਏ ਹਨ।

## ਪਰਵਾਰ ਨੂੰ ਵਿਦੇਸ਼ ਭੇਜਣ ਦੇ ਨਾਂ ਉੱਤੇ ਛੇ ਲੱਖ ਰੁਪਏ ਠੱਗ ਲਏ

ਜਲੰਧਰ, 1 ਮਾਰਚ (ਪੋਸਟ ਬਿਊਰੋ)- ਸੰਤੋਖਪੁਰਾ ਦੀ ਔਰਤ ਅਤੇ ਉਸ ਦੇ ਪਰਵਾਰ ਨੂੰ ਵਿਦੇਸ਼ ਭੇਜਣ ਦੇ ਨਾਂ ਉੱਤੇ ਛੇ ਲੱਖ ਰੁਪਏ ਠੱਗਣ ਵਾਲੇ ਏਜੰਟ ਸਮੇਤ ਤਿੰਨ ਲੋਕਾਂ ਦੇ ਖ਼ਿਲਾਫ਼ ਥਾਣਾ ਨੰਬਰ ਅੱਠ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ ਅਤੇ ਇਸ ਸੰਬੰਧ ਪੁਲਸ ਅਗਲੀ ਜਾਂਚ ਕਰ ਰਹੀ ਹੈ।




ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਸੰਤੋਖਪੁਰਾਦੀ ਗਿਆਨ ਕੌਰ ਪਤਨੀ ਗੁਰਮੁੱਖ ਸਿੰਘ ਨੇ ਕਿਹਾ ਕਿ ਉਸਨੇ ਆਪਣੇ ਮੁਹੱਲੇ ਦੇ ਰਹਿਣ ਵਾਲੇ ਰਾਮ ਗੋਪਾਲ ਉਰਫ ਬਿੱਟੂ ਪੁੱਤਰ ਚਮਨ ਲਾਲ ਨਾਲ ਪਰਵਾਰ ਸਮੇਤ ਵਿਦੇਸ਼ ਜਾਣ ਦੀ ਗੱਲ ਕੀਤੀ ਸੀ। ਬਿੱਟੂ ਨੇ ਭਰੋਸਾ ਦਿੱਤਾ ਕਿ ਉਸ ਦਾ ਜਾਣਕਾਰ ਰਜਿੰਦਰ ਸਿੰਘ ਡੱਗੀ ਪੁੱਤਰ ਬਾਂਕਾ ਰਾਮ ਨਿਵਾਸੀ ਨੰਗਲ ਕਰਾਰ ਖਾਂ, ਮੌਜੂਦਾ ਨਿਵਾਸੀ ਜਲੰਧਰ ਛਾਉਣੀ ਅਤੇ ਪੰਡਿਤ ਜਸਪਾਲ ਪੁੱਤਰ ਪ੍ਰੀਤਮ ਸਿੰਘ ਨਿਵਾਸੀ ਨੰਗਲ ਕਰਾਰ ਖਾਂ ਏਜੰਟੀ ਦਾ ਕੰਮ ਕਰਦੇ ਹਨ। ਬਿੱਟੂ ਨੇ ਉਨ੍ਹਾਂ ਲੋਕਾਂ ਨਾਲ ਮੀਟਿੰਗ ਕਰਵਾ ਦਿੱਤੀ।ਪੀੜਤਾ ਦਾ ਕਹਿਣਾ ਹੈ ਕਿ ਉਨ੍ਹਾਂ ਲੋਕਾਂ ਨੇ ਕੰਮ ਸ਼ੁਰੂ ਕਰਨ ਲਈ ਉਸ ਕੋਲੋਂ ਛੇ ਲੱਖ ਰੁਪਏ ਅਤੇ ਪਾਸਪੋਰਟ ਦੀ ਮੰਗ ਕੀਤੀ। ਉਸ ਨੇ ਆਪਣੇ ਗਹਿਣੇ ਵੇਚ ਕੇ ਅਤੇ ਹੁਦਾਰ ਪੈਸੇ ਲੈ ਕੇ ਛੇ ਲੱਖ ਰੁਪਏ ਏਜੰਟ ਨੂੰ ਦੇ ਦਿੱਤੇ। ਇਸ ਤੋਂ ਬਾਅਦ ਉਕਤ ਲੋਕਾਂ ਨੇ ਕੋਈ ਕੰਮ ਨਹੀਂ ਕੀਤਾ। ਗਿਆਨ ਕੌਰ ਦਾ ਕਹਿਣਾ ਹੈ ਕਿ ਉਸਦੇ ਕੇਸ ਦੀ ਜਾਂਚ ਜਿਸ ਸਬ-ਇੰਸਪੈਕਟਰ ਨੂੰ ਦਿੱਤੀ ਪਰ ਉਸ ਨੇ ਵੀ ਏਜੰਟ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ। ਕੋਈ ਹੱਲ ਨਾ ਨਿਕਲਣ ਉੱਤੇ ਪੀੜਤਾ ਨੇ ਕਮਿਸ਼ਨਰ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ।

## ਰਿਕਵਰੀ ਕਰਨ ਗਏ ਬੈਂਕ ਅਧਿਕਾਰੀ ਨੂੰ ਬੰਦੀ ਬਣਾ ਕੇ ਕੁਟਿਆ

ਅਬੋਹਰ, 1 ਮਾਰਚ (ਪੋਸਟ ਬਿਊਰੋ)- ਪੰਜਾਬ ਨੈਸ਼ਨਲ ਬੈਂਕ ਬੱਲੂਆਣਾ ਦੇ ਇੱਕ ਰਿਕਵਰੀ ਅਫਸਰ ਨਾਲ ਕੱਲ੍ਹ ਪਿੰਡ ਭੰਗਾਲਾ ਦੇ ਕੁਝ ਲੋਕਾਂ ਨੇ ਕੁੱਟਮਾਰ ਕੀਤੀ। ਇਹੀ ਨਹੀਂ ਉਕਤ ਲੋਕਾਂ ਨੇ ਬੈਂਕ ਅਧਿਕਾਰੀ ਦੇ ਕੱਪੜੇ ਪਾੜ ਦਿੱਤੇ ਤੇ ਉਸ ਦਾ ਮੋਬਾਈਲ ਫੋਨ ਵੀ ਤੋੜ ਦਿੱਤਾ। ਜ਼ਖ਼ਮੀ ਅਧਿਕਾਰੀ ਨੂੰ ਸਰਕਾਰੀ ਹਸਪਤਾਲ ਦਾਖ਼ਲ ਕਰਵਾਇਆ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਨੈਸ਼ਨਲ ਬੈਂਕ ਬੱਲੂਆਣਾ ਵਿੱਚ ਨਿਯੁਕਤ ਅਤੇ ਅਬੋਹਰ ਦੇ ਏਕਤਾ ਕਾਲੋਨੀ ਵਾਸੀ ਆਸ਼ੂ ਪ੍ਰਤਾਪ ਕੱਲ੍ਹ ਵੱਖ-ਵੱਖ ਪਿੰਡਾਂ ਵਿੱਚ ਰਿਕਵਰੀ ਕਰਦਾ ਹੋਇਆ ਪਿੰਡ ਭੰਗਾਲਾ ਗਿਆਅਤੇ ਬੈਂਕ ਦੇ ਕਰਜ਼ਾ ਧਾਰਕਾਂ ਨੂੰ ਆਪਣੀਆਂ ਕਿਸ਼ਤਾਂ ਜਮਾ ਕਰਵਾਉਣ ਲਈ ਕਿਹਾ। ਇਸ ਦੌਰਾਨ ਮਹਿਤਾ ਪਿੰਡ ਦੇ ਕਈ ਲੋਕਾਂ ਨੂੰ ਮਿਲੇ, ਪ੍ਰੰਤੂ ਬਾਅਦ ਵਿੱਚ ਕੁਝ ਲੋਕਾਂ ਨੇ ਉਸ ਨੂੰ ਘੇਰ ਲਿਆ ਅਤੇ ਉਸ ਨਾਲ ਕੁੱਟਮਾਰ ਕਰ ਕੇ ਕੱਪੜੇ ਪਾੜ ਦਿੱਤੇ। ਘਟਨਾ ਦਾ ਪਤਾ ਚਲਦੇ ਹੀ ਵੱਡੀ ਗਿਣਤੀ ਵਿੱਚ ਬੈਂਕ ਕਰਮਚਾਰੀ ਅਤੇ ਯੂਨੀਅਨ ਦੇ ਅਹੁਦੇਦਾਰ ਸਰਕਾਰੀ ਹਸਪਤਾਲ ਪਹੁੰਚੇ। ਇਸ ਦੇ ਸੰਬੰਧ ਵਿੱਚ ਬੈਂਕ ਆਫੀਸਰ ਐਸਸੀਏਸ਼ਨ ਸਰਕਲ ਫ਼ਾਜ਼ਿਲਕਾ ਦੇ ਸੈਕਟਰੀ ਨੇ ਕਿਹਾ ਕਿ ਕੱਲ੍ਹ ਪੀ ਐਨ ਬੀ ਵੱਲੋਂ ਬੈਂਕਕਰਜ਼ੇ ਦਾ ਸੈਟਲਮੈਂਟ ਕੈਂਪ ਲਾਇਆ ਗਿਆ ਸੀ, ਜਿਸ ਵਿੱਚ ਮਹਿਤਾ ਵੀ ਪਿੰਡ ਭੰਗਾਲਾ ਵਿੱਚ ਕਰਜ਼ਦਾਰਾਂ ਨੂੰ ਇਸ ਸੈਲਟਮੈਂਟ ਕੈਂਪ ਦੀ ਜਾਣਕਾਰੀ ਦੇਣ ਗਏ ਤਾਂ ਅਚਾਨਕ ਲੋਕਾਂ ਨੇ ਹਮਲਾ ਕਰ ਦਿੱਤਾ। ਡੀ ਐਸ ਪੀ ਦਿਹਾਤੀ ਨੇ ਕਿਹਾ ਕਿ ਜ਼ਖ਼ਮੀ ਅਧਿਕਾਰੀ ਦੇ ਬਿਆਨ ਕਲਮਬਧ ਕਰ ਕੇ ਹਲਮਾਵਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਯੂ.ਪੀ. ਚੋਣਾਂ ਬਦਲਣਗੀਆਂ 2024 ਦੇ ਚੋਣ ਸਮੀਕਰਨ?

ਦੇਸ਼ ਵਿਚ ਇਸ ਸਮੇਂ ਪੰਜ ਰਾਜਾਂ 'ਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਨਤੀਜੇ 10 ਮਾਰਚ 2022 ਨੂੰ ਆਉਣੇ ਹਨ। ਯੂ.ਪੀ. ਵਿਧਾਨ ਸਭਾ ਇਹਨਾਂ ਸਾਰੀਆਂ ਵਿਧਾਨ ਸਭਾਵਾਂ ਵਿਚੋਂ ਵੱਡੀ ਹੈ। ਇਸ ਲਈ ਯੂ.ਪੀ. 'ਚ ਵਿਧਾਨ ਸਭਾ ਚੋਣਾਂ 'ਚ ਜਿੱਤ ਦਾ ਵੱਡਾ ਮਹੱਤਵ ਹੈ। ਕਿਉਂਕਿ ਵੱਡ-ਅਕਾਰੀ ਵਿਧਾਨ ਸਭਾ ਦੇ ਕੁਲ 403 ਮੈਂਬਰ ਹਨ ਅਤੇ ਯੂ.ਪੀ. ਦੇਸ਼ ਵਿਚ ਇਸੇ ਵਰੇ ਆਉਣ ਵਾਲੀਆਂ ਰਾਜ ਸਭਾ ਚੋਣਾਂ, ਰਾਸ਼ਟਰਪਤੀ ਅਤੇ ਉੱਪ ਰਾਸ਼ਟਰਪਤੀ ਚੋਣਾਂ ਨੂੰ ਪ੍ਰਭਾਵਤ ਕਰੇਗਾ। ਇਸ ਚੋਣ ਦਾ ਵੱਡਾ ਮਹੱਤਵ ਇਹ ਵੀ ਹੈ ਕਿ ਸਾਲ 2024 'ਚ ਦੇਸ਼ ਦੀਆਂ ਜੋ ਲੋਕ ਸਭਾ ਚੋਣਾਂ ਹੋਣੀਆਂ ਹਨ, ਉਸ ਲਈ ਸੰਭਾਵਤ ਇਹ ਤਹਿ ਕਰੇਗਾ ਕਿ ਹੁਣ ਵਾਲੇ ਹਾਕਮ ਅੱਗੋਂ ਹਾਕਮ ਬਨਣਗੇ ਕਿ ਨਹੀਂ।



ਯੂ.ਪੀ. 'ਚ ਭਾਜਪਾ ਰਾਜ ਕਰ ਰਹੀ ਹੈ। ਅਦਿਤਿਆਨਾਥ ਯੋਗੀ ਪਿਛਲੇ ਪੰਜ ਵਰਿਆਂ ਤੋਂ ਮੁੱਖ ਮੰਤਰੀ ਹਨ। ਉਹ ਇਸ ਸਮਿਆਂ ਦੇ ਬਹੁਤ ਹੀ ਚਰਚਿਤ ਸਿਆਸਤਦਾਨ ਹਨ, ਜਿਹਨਾਂ ਦੇ ਰਾਜ ਵਿਚ ਪੁਲਿਸ ਨੂੰ ਪੂਰੀ ਖੁਲ ਤਾਂ ਮਿਲੀ ਹੈ, ਨਾਲ ਸੂਬੇ 'ਚ ਘੱਟ ਗਿਣਤੀ ਫਿਰਕਿਆਂ ਦਾ ਸਾਹ ਲੈਣਾ ਵੀ ਔਖਾ ਦੱਸੀਦਾ ਹੈ। ਇਹਨਾਂ ਪੰਜ ਵਰ੍ਹਿਆਂ 'ਚ ਇਸ ਸੂਬੇ 'ਚ ਉਹ ਕੁਝ ਵਾਪਰਿਆ ਹੈ, ਜੋ ਸ਼ਾਇਦ ਭਾਰਤ ਵਰਗੇ ਧਰਮ-ਨਿਰਪੱਖ ਗਣਤੰਤਰ ਵਿਚ ਕਿਵੇਂ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਸੂਬੇ 'ਚ ਪੁਲਿਸ ਮੁਠਭੇੜ 'ਚ ਮਾਰੇ ਜਾਣ ਵਾਲਿਆਂ ਦੀ ਗਿਣਤੀ ਵਧਣਾ, ਕੀ ਪਹਿਨਣਾ ਹੈ, ਕੀ ਖਾਣਾ ਹੈ ਬਾਰੇ ਸੂਬੇ 'ਚ ਪ੍ਰਸ਼ਨ ਉਠਣਾ ਅਤੇ ਆਪਣੇ ਵਿਰੋਧੀਆਂ ਭਾਵੇਂ ਉਹ ਯੋਗੀ ਜੀ ਦੀ ਆਪਣੀ ਪਾਰਟੀ ਦੇ ਹੋਣ ਜਾਂ ਵਿਰੋਧੀ ਪਾਰਟੀਆਂ ਦੇ, ਨੂੰ ਖੂੰਜੇ ਲਗਾਉਣਾ, ਯੂ.ਪੀ. 'ਚ ਅਦਿਤਯਾਨਾਥ ਯੋਗੀ ਦੀ ਕਾਰਗੁਜ਼ਾਰੀ ਰਹੀ ਹੈ। ਅਕਤੂਬਰ 2021 'ਚ ਤਿੰਨ ਮਨੁੱਖੀ ਅਧਿਕਾਰ ਗਰੁੱਪਾਂ ਨੇ ਇੱਕ ਰਿਪੋਰਟ ਛਾਪੀ ਹੈ, ਜਿਸ 'ਚ ਜ਼ਿਕਰ ਹੈ ਕਿ ਯੋਗੀ ਅਦਤਿਆਨਾਥ ਦੇ ਮੁੱਖ ਮੰਤਰੀ ਕਾਲ 'ਚ ਯੂ.ਪੀ. ਚ 8474 ਪੁਲਿਸ ਮੁਕਾਬਲੇ ਹੋਏ, ਜਿਨ੍ਹਾਂ ਵਿੱਚ 146 ਲੋਕਾਂ ਦੀ ਮੌਤ ਹੋਈ।

ਕਹਿਣ ਨੂੰ ਤਾਂ ਸੂਬੇ ਦੇ ਵਿਕਾਸ 'ਚ ਵੱਡੇ ਪ੍ਰਾਜੈਕਟ ਚਾਲੂ ਕਰਨ ਤੇ ਨੇਪਰੇ ਚਾੜਨ ਦੀਆਂ ਵੱਡੀਆਂ ਗੱਲਾਂ ਕੀਤੀਆਂ ਗਈਆਂ ਹਨ। ਪਰ ਜ਼ਮੀਨੀ ਪੱਧਰ ਉੱਤੇ ਵਿਕਾਸ ਨਹੀਂ ਹੋਇਆ, ਜੇਕਰ ਕੋਈ ਵਿਕਾਸ ਹੋਇਆ ਹੈ ਤਾਂ ਉਹ ਹਿੰਦੂਤਵੀ ਏਜੰਡੇ ਦਾ, ਲੋਕਾਂ 'ਚ ਫਿਰਕੂ ਜ਼ਹਿਰ ਭਰਨ ਦਾ ਅਤੇ ਹਿੰਦੂ-ਮੁਸਲਿਮ ਭਾਈਚਾਰੇ 'ਚ ਦੂਰੀਆਂ ਵਧਾਉਣ ਦਾ। ਯੂ.ਪੀ. ਸਰਕਾਰ ਨੇ ਸੁਪਰੀਮ ਕੋਰਟ ਅਤੇ ਕੌਮੀ ਅਧਿਕਾਰ ਕਮਿਸ਼ਨ ਦੁਆਰਾ ਤੈਅ ਕੀਤੇ ਸੁਰੱਖਿਆ ਉਪਾਵਾਂ ਨੂੰ ਕਿਵੇਂ ਬਾਈਕਾਟ ਕੀਤਾ, ਉਹ ਸ਼ਾਇਦ ਦੇਸ਼ 'ਚ ਸਭ ਤੋਂ ਵੱਡੀ ਉਦਾਹਰਨ ਹੈ।

ਯੂ.ਪੀ. ਬੇਰੁਜ਼ਗਾਰੀ ਅੰਤਾਂ 'ਤੇ ਹੈ। ਦੇਸ਼ ਭਰ 'ਚ ਯੂ.ਪੀ. ਸਮੇਤ ਬੇਰੁਜ਼ਗਾਰੀ ਕਾਰਨ ਹਾਲਾਤ ਇਹ ਹਨ ਕਿ ਬੱਚੇ ਨੂੰ ਸਕੂਲ ਭੇਜਣਾ ਹੈ, ਪੈਸਾ ਨਹੀਂ ਹੈ, ਬੇਟੀ ਦਾ ਵਿਆਹ ਕਰਨਾ ਹੈ, ਪੈਸਾ ਨਹੀਂ ਹੈ, ਦਵਾਈ-ਇਲਾਜ ਕਰਵਾਉਣਾ ਹੈ ਤਾਂ ਪੈਸਾ ਨਹੀਂ ਹੈ। ਇਹੋ ਜਿਹੇ ਹਾਲਾਤ ਵਿਚ ਆਮ ਆਦਮੀ ਦੇ ਹਾਲਾਤ ਬਹੁਤ ਮਾੜੇ ਹਨ। ਸਰਕਾਰ ਨੇ ਦੇਸ਼ ਵਿਚ ਭੋਜਨ ਸੁਰੱਖਿਆ ਦੇ ਨਾਂ ਉੱਤੇ ਇਹੋ ਜਿਹੀ ਸਥਿਤੀ ਪੈਦਾ ਕਰ ਦਿੱਤੀ ਹੈ ਕਿ ਲੱਖਾਂ ਦੀ ਤਦਾਦ ਵਿਚ ਖੋਲੀਆਂ ਸਰਕਾਰੀ ਸਸਤੇ ਭਾਅ ਦੀਆਂ ਦੁਕਾਨਾਂ ਵੱਲ ਲੋਕ ਦੌੜਦੇ ਹਨ। ਇਕ ਇਕ ਚਮਚ ਤੇਲ-ਚੀਨੀ, ਇਕ ਕੱਪ ਦਾਲ ਚਾਵਲ, ਇਕ ਅੱਧਾ ਕਿਲੋ ਆਲੂ ਤੱਕ ਲਈ ਔਰਤਾਂ ਇਕ ਦੂਜੇ ਨਾਲ ਲੜਦੀਆਂ ਹਨ। ਇਹ ਹਾਲ ਦੇਸ਼ ਦੇ 80ਫੀਸਦੀ ਘਰਾਂ ਦਾ ਹੈ। ਯੂ.ਪੀ. ਇਸ ਤੋਂ ਵੱਖਰਾ ਨਹੀਂ ਹੈ, ਜਿਥੇ ਚੋਣਾਂ 'ਚ ਰਿਆਇਤਾਂ ਦੀ ਰਾਜਨੀਤੀ ਦੀ ਛਹਿਬਰ ਲਾਈ ਗਈ ਹੈ। ਲੋਕਾਂ ਨੂੰ ਰਾਮ ਦੇ ਨਾਂ ਤੇ ਵਰਗਲਾਇਆ ਜਾ ਰਿਹਾ ਹੈ। ਮੰਦਿਰ 'ਚ ਪੈਸਾ ਧਰੋ-ਭਗਵਾਨ ਖੁਸ਼ ਹੋਣਗੇ, ਦਾ ਪਾਠ ਪੜਾਇਆ ਜਾ ਰਿਹਾ ਹੈ। ਇਸੇ ਅਧਾਰ ਉੱਤੇ ਵੋਟਾਂ ਮੰਗੀਆਂ ਜਾ ਰਹੀਆਂ ਹਨ ਹਾਕਮਾਂ ਵੱਲੋਂ, ਹਿੰਦੂ ਵੋਟਾਂ ਦਾ ਧਰੁਵੀਕਰਨ ਕੀਤਾ ਜਾ ਰਿਹਾ ਹੈ ਅਤੇ ਯੂ.ਪੀ. 'ਚ ਲਗਾਤਾਰ ਦੇਸ਼ ਦਾ ਵੱਡਾ ਹਾਕਮ ਨਰਿੰਦਰ ਮੋਦੀ ਹੋਕਾ ਦੇਣ ਲਈ ਆਉਂਦਾ ਹੈ।

ਯੂ.ਪੀ. ਦਾ ਸਿਆਸੀ ਦ੍ਰਿਸ਼:

ਯੂ.ਪੀ. ਵਿਧਾਨ ਸਭਾ ਚੋਣਾਂ 'ਚ ਸਿਆਸੀ ਦ੍ਰਿਸ਼ ਬਹੁਤ ਹੀ ਰੌਚਕ ਹੈ। ਇਕ ਪਾਸੇ ਭਾਜਪਾ ਤੇ ਉਸ ਦੇ ਜੋਟੀਦਾਰ ਹਨ, ਦੂਜੇ ਪਾਸੇ ਸਮਾਜਵਾਦੀ ਪਾਰਟੀ ਹੈ ਅਤੇ ਤੀਜੀ ਧਿਰ ਬਹੁਜਨ ਸਮਾਜ ਪਾਰਟੀ ਹੈ। ਇਹ ਤਿੰਨੋਂ ਦਾਅਵੇਦਾਰ ਆਪੋ-ਆਪਣੀ ਸਰਕਾਰ ਦੇ ਗਠਨ ਲਈ ਤਤਪਰ ਦਿਸਦੇ ਹਨ।

ਦੇਸ਼ ਵਿਚ ਕਿਸਾਨ ਅੰਦੋਲਨ ਤੋਂ ਪਹਿਲਾਂ ਭਾਜਪਾ ਦੀ ਜਿੱਤ ਵਿਧਾਨ ਸਭਾ 2022 ਚੋਣਾਂ 'ਚ ਸਾਫ਼ ਦਿਖਾਈ ਦਿੰਦੀ ਸੀ। ਕਿਉਂਕਿ ਯੋਗੀ ਸਰਕਾਰ ਦਾ ਸੂਬੇ 'ਚ ਪ੍ਰਭਾਵ ਇਹੋ ਜਿਹਾ ਸੀ ਕਿ ਕੋਈ ਵੀ ਸਿਆਸੀ ਧਿਰ ਉਸ ਦੇ ਵਿਰੋਧ ਵਿਚ ਖੁਲ ਕੇ ਗੱਲ ਨਹੀਂ ਸੀ ਕਰਦੀ। ਪਰ ਕਿਸਾਨ ਅੰਦੋਲਨ ਨੇ ਜਿਥੇ ਕੇਂਦਰੀ ਹਾਕਮਾਂ ਨੂੰ ਝੁਕਾਇਆ, ਉਥੇ ਇਸਦਾ ਪ੍ਰਭਾਵ ਹਰਿਆਣਾ ਅਤੇ ਯੂ.ਪੀ. ਵਿਚ ਵੀ ਵਿਆਪਕ ਵੇਖਣ ਨੂੰ ਮਿਲਿਆ। ਪੱਛਮੀ ਯੂ.ਪੀ. 'ਚ ਤਾਂ ਕਿਸਾਨ ਅੰਦੋਲਨ ਨੇ ਵੱਡਾ ਪ੍ਰਭਾਵ ਪਾਇਆ। ਹਿੰਦੂ, ਮੁਸਲਿਮ ਭਾਈਚਾਰੇ ਨਾਲ ਸਬੰਧਤ ਲੋਕ ਅੰਦੋਲਨ ਲਈ ਇਕੱਠੇ ਹੋਏ ਜਾਟ ਭਾਈਚਾਰੇ ਦੀਆਂ ਵੋਟਾਂ ਦਾ ਸਮੂਹ ਜਿਹੜਾ ਭਾਜਪਾ ਲਈ ਭੁਗਤਦਾ ਰਿਹਾ ਸੀ ਅਤੇ ਜਿਹੜਾ ਫਿਰਕੂ ਪ੍ਰਭਾਵ ਵਿਚ ਸੀ, ਉਹ ਇਕੱਠਾ ਹੋ ਗਿਆ। ਭਾਜਪਾ ਦੇ ਵਿਰੁੱਧ ਹੋ ਗਿਆ ਹੈ। ਅਸਲ ਵਿਚ ਕਿਸਾਨ ਅੰਦੋਲਨ ਨੇ ਦੇਸ਼ ਦੇ ਵੱਡੇ ਹਿੱਸੇ 'ਚ ਭਾਜਪਾ ਵਿਰੁੱਧ ਇਕ ਵੱਡਾ ਰੋਸ ਪੈਦਾ ਕੀਤਾ ਹੈ। ਇਸ ਨਾਲ ਭਾਜਪਾ ਨੂੰ ਸਖ਼ਤ ਚੁਣੌਤੀ ਇਹਨਾਂ ਚੋਣਾਂ 'ਚ ਮਿਲ ਰਹੀ ਹੈ।

ਪ੍ਰਸਿੱਧ ਰਾਜਨੀਤਕ ਵਿਸ਼ੇਸ਼ਗ ਅਭੈ ਕੁਮਾਰ ਦੁਬੇ ਦੇ ਸ਼ਬਦਾਂ 'ਚ, "ਭਾਜਪਾ ਦੇ ਰਣਨੀਤੀਕਾਰਾਂ ਦਾ ਵਿਚਾਰ ਸੀ ਕਿ ਪੱਛਮ ਦੇ ਕਿਸਾਨ ਅੰਦੋਲਨ ਨਾਲ ਜੋ ਨੁਕਸਾਨ ਹੋਵੇਗਾ, ਉਸਨੂੰ ਉਹ ਅਵਧ, ਬੁਦੇਲਖੰਡ ਅਤੇ ਪੂਰਬੀ ਉੱਤਰ ਪ੍ਰਦੇਸ਼ 'ਚ ਆਪਣੇ ਜਾਰੀ ਦਬਦਬੇ ਨਾਲ ਪੂਰਾ ਕਰ ਲੈਣਗੇ ਪਰ ਭਾਜਪਾ ਉਸ ਸਮੇਂ ਹੈਰਾਨ ਹੋਈ, ਜਦੋਂ ਉਸਨੇ ਵੇਖਿਆ ਕਿ ਅਖਿਲੇਸ਼ ਅਤੇ ਮਾਇਆਵਤੀ ਨੇ ਉਸਦੇ ਸਮਾਜਿਕ ਗੱਠਜੋੜ ਦੇ ਇਕ ਮੂਲ ਅੰਗ ਬ੍ਰਾਹਮਣ ਸਮਾਜ 'ਚ ਅਦਿਤਯਾਨਾਥ ਸਰਕਾਰ ਦੇ ਵਿਰੁੱਧ ਪੈਦਾ ਹੋਈ ਅਸੰਤੁਸ਼ਟੀ ਦਾ ਲਾਭ ਚੁਕਣ ਦੀ ਰਣਨੀਤੀ ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ।"

ਇਸ ਵੇਲੇ ਸਥਿਤੀ ਇਹ ਹੈ ਕਿ ਸਮਾਜਵਾਦੀ ਪਾਰਟੀ ਨਾਲ ਨੋਨੀਆਂ, ਚੌਹਾਨਾਂ, ਮੋਰੀਆਂ, ਬਿੰਦੋ, ਸੈਣੀਆਂ ਅਤੇ ਕੁਰਮੀਆਂ ਦੇ ਨੇਤਾਵਾਂ ਨਾਲ ਤਾਲਮੇਲ ਬਿਠਾਉਣ 'ਚ ਕਾਮਯਾਬ ਹੋਈ ਹੈ। ਭਾਜਪਾ ਜਿਹੜੀ ਪਹਿਲਾਂ ਹਰ ਚੋਣ 'ਚ ਤਿੰਨ ਜਾਤਾਂ ਖਿਲਾਫ਼ ਸਭ ਜਾਤ ਦਾ ਨਾਅਰਾ ਲਗਾ ਕੇ ਯਾਦਵਾਂ, ਜਾਟਾਂ ਅਤੇ ਮੁਸਲਮਾਨਾਂ ਦੇ ਖਿਲਾਫ਼ ਹਿੰਦੂ-ਗੋਲਾਬੰਦੀ ਕਰ ਰਹੀ ਸੀ, ਉਹ ਗੋਲਾਬੰਦੀ ਹੁਣ ਮੁਸ਼ਕਿਲ ਹੋ ਗਈ ਹੈ। ਮੁੱਖ ਤੌਰ 'ਤੇ ਭਾਜਪਾ ਜਿਹੜੀ ਜਾਤ ਅਕਾਰਤ ਰਾਜਨੀਤੀ ਕਰਕੇ ਚੋਣਾਂ ਜਿੱਤਦੀ ਸੀ, ਇਸ ਵੇਲੇ ਲੋਕ ਭਲਾਈ ਯੋਜਨਾਵਾਂ ਦੇ ਸਿਰ ਤੇ ਚੋਣਾਂ ਲੜਨ ਲਈ ਮਜਬੂਰ ਹੋ ਚੁੱਕੀ ਹੈ।

ਅਸਲ ਵਿਚ ਉੱਤਰ ਪ੍ਰਦੇਸ਼ ਵਿਚ ਚੋਣ ਦੰਗਲ ਬਹੁਤ ਫਸਵਾਂ ਹੈ। ਭਾਜਪਾ ਲਈ ਇਹ ਜਿੱਤਣਾ ਹੁਣ ਸੌਖਾ ਨਹੀਂ ਰਿਹਾ। ਭਾਜਪਾ ਨੂੰ ਇਕ ਪਾਸਿਉਂ ਸਮਾਜਵਾਦੀ ਪਾਰਟੀ ਘੇਰ ਰਹੀ ਹੈ, ਦੂਜੇ ਪਾਸੇ ਬਹੁਜਨ ਸਮਾਜ ਪਾਰਟੀ ਨੇ ਘੇਰਾ ਪਾਇਆ ਹੋਇਆ ਹੈ। ਕਾਂਗਰਸ ਵੀ ਪ੍ਰਿਅੰਕਾ ਗਾਂਧੀ ਦੀ ਦੇਖ-ਰੇਖ 'ਚ ਆਪਣਾ ਅਧਾਰ ਲੱਭਣ ਲਈ ਯੂ.ਪੀ. 'ਚ ਯਤਨ ਕਰ ਰਹੀ ਹੈ। ਅਸਲ ਵਿਚ ਦੇਸ਼ ਦੀਆਂ ਸਾਰੀਆਂ ਸਿਆਸੀ ਧਿਰਾਂ ਭਾਜਪਾ ਦੇ ਵਧ ਰਹੇ ਹਿੰਦੂਤਵੀ ਏਜੰਡੇ ਨੂੰ ਰੋਕਣ ਲਈ ਯਥਾਸ਼ਕਤੀ ਯਤਨ ਕਰ ਰਹੀਆਂ ਹਨ।

ਉਂਜ ਵੀ ਜਿਹੜਾ ਪ੍ਰਭਾਵ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦਾ ਲੋਕਾਂ ਦੇ ਮਨਾਂ 'ਚ ਬਣਿਆ ਸੀ, ਉਹ ਧੁੰਧਲਾ ਪੈ ਰਿਹਾ ਹੈ। ਰੁਜ਼ਗਾਰ ਵਧ ਨਹੀਂ ਰਿਹਾ, ਗਰੀਬੀ ਹੋਰ ਪੈਰ ਪਸਾਰ ਰਹੀ ਹੈ। ਕੁ-ਪ੍ਰਬੰਧਨ ਅਤੇ ਭ੍ਰਿਸ਼ਟਾਚਾਰ ਨੇ ਲੋਕਾਂ ਦਾ ਮੋਦੀ ਸਰਕਾਰ ਤੋਂ ਮੋਹ ਭੰਗ ਕੀਤਾ ਹੈ। ਕਰੋਨਾ ਮਹਾਂਮਾਰੀ 'ਚ ਜੋ ਦੁਰਦਸ਼ਾ ਹੋਈ ਹੈ ਲੋਕਾਂ ਦੀ, ਉਸ ਨਾਲ ਕੇਂਦਰੀ ਅਤੇ ਰਾਜ ਸਰਕਾਰਾਂ ਕਟਿਹਰੇ 'ਚ ਖੜੀਆਂ ਦਿਸਦੀਆਂ। ਯੂ.ਪੀ. 'ਚ ਗੰਗਾ ਨਦੀ ਕੰਢੇ ਕਰੋਨਾ ਕਾਰਨ ਮਰੇ ਲੋਕਾਂ ਦੀਆਂ ਲਾਸ਼ਾਂ ਦਾ ਵੇਖਿਆ ਜਾਣਾ ਅਤੇ ਹਸਪਤਾਲਾਂ 'ਚ ਡਾਕਟਰਾਂ ਤੇ ਦਵਾਈਆਂ ਆਕਸਜੀਨ ਦੀ ਥੁੜ ਕਾਰਨ ਲੋਕਾਂ ਦਾ ਸਰਕਾਰ ਤੋਂ ਵਿਸ਼ਵਾਸ਼ ਡਗਮਗਾਇਆ ਹੈ। ਇਸ ਦਾ ਪ੍ਰਭਾਵ ਚੋਣਾਂ 'ਚ ਪੈਣਾ ਲਾਜ਼ਮੀ ਹੈ।

ਭਾਜਪਾ ਜਿਹੜੀ ਯੂ.ਪੀ. 'ਚ ਅਜੈਤੂ ਰੱਥ ਲੈ ਕੇ ਅੱਗੇ ਵਧਦੀ ਰਹੀ ਹੈ, ਸਿਆਸੀ ਮਾਹਿਰਾਂ ਅਨੁਸਾਰ ਉਸਨੂੰ ਵੱਡੀ ਹਾਰ ਦਾ ਸਾਹਮਣਾ ਇਸ ਵੇਰ ਕਰਨਾ ਪੈ ਸਕਦਾ ਹੈ। ਕਿਆਸਅਰਾਈਆਂ ਹਨ ਕਿ ਯੂ.ਪੀ. 'ਚ ਇਸ ਵੇਰ ਭਾਜਪਾ ਨਹੀਂ ਜਿੱਤੇਗੀ, ਸਗੋਂ ਯੂ.ਪੀ. ਦੀ ਅਗਲੀ ਸਰਕਾਰ, ਕੁਲੀਸ਼ਨ ਸਰਕਾਰ ਹੋਏਗੀ ਜਿਸ 'ਚ ਮੁੱਖ ਰੋਲ ਸਮਾਜਵਾਦੀ ਪਾਰਟੀ ਦਾ ਹੋਵੇਗਾ। ਕਿਉਂਕਿ ਯੂ.ਪੀ. 'ਚ ਇਸ ਵੇਰ ਮੌਕੇ ਦੀ ਸਰਕਾਰ ਦੀ ਵਿਰੋਧ ਦੀ ਹਵਾ ਚੱਲ ਰਹੀ ਹੈ ਅਤੇ ਯੋਗੀ ਸਰਕਾਰ ਨੇ ਬਹੁਗਿਣਤੀ ਉਹਨਾਂ ਵਿਧਾਇਕਾਂ ਨੂੰ ਹੀ ਟਿਕਟ ਦਿੱਤੀ ਹੈ, ਜਿਹਨਾਂ ਦਾ ਅਕਸ ਲੋਕਾਂ ਵਿਚ ਕਾਫੀ ਖਰਾਬ ਹੋ ਚੁੱਕਾ ਸੀ।

ਉੱਤਰ ਪ੍ਰਦੇਸ਼ ਅਬਾਦੀ ਦੇ ਲਿਹਾਜ ਨਾਲ ਭਾਰਤ ਦਾ ਸਭ ਤੋਂ ਵੱਡਾ ਸੂਬਾ ਹੈ ਭਾਵੇਂ ਕਿ ਖੇਤਰਫਲ ਦੇ ਹਿਸਾਬ ਨਾਲ ਇਹ ਚੌਥੇ ਦਰਜੇ ਤੇ ਹੈ। ਸਾਲ 2022 ਦੀਆਂ 403 ਸੀਟਾਂ ਲਈ ਛੋਟੀਆਂ-ਵੱਡੀਆਂ 223 ਸਿਆਸੀ ਪਾਰਟੀਆਂ ਚੋਣਾਂ ਲੜ ਰਹੀਆਂ ਹਨ, ਜਿਹਨਾਂ 'ਚ ਮੁੱਖ ਬਹੁਜਨ ਸਮਾਜ ਪਾਰਟੀ, ਸਮਾਜਵਾਦੀ ਪਾਰਟੀ, ਭਾਰਤੀ ਜਨਤਾ ਪਾਰਟੀ, ਇੰਡੀਅਨ ਨੈਸ਼ਨਲ ਕਾਂਗਰਸ, ਰਾਸ਼ਟਰੀ ਲੋਕ ਦਲ ਮੁੱਖ ਹਨ।

ਯੂ.ਪੀ. ਵਿਧਾਨ ਸਭਾ 2017 ਚੋਣਾਂ 'ਚ 312 ਸੀਟਾਂ, ਬੀ.ਐਸ.ਪੀ. 19 ਸੀਟਾਂ ਅਤੇ ਸਮਾਜਵਾਦੀ ਪਾਰਟੀ 47 ਸੀਟਾਂ ਜਿੱਤੀ ਸੀ। ਸਾਲ 2012 'ਚ ਭਾਜਪਾ 224 ਸੀਟਾਂ ਜਿੱਤ ਕੇ ਤਾਕਤ ਵਿਚ ਆਈ ਸੀ ਅਤੇ ਇਸੇ ਦੇ ਬਲਬੂਤੇ 2014 ਦੀਆਂ ਲੋਕ ਸਭਾ ਚੋਣਾਂ 'ਚ ਮੋਦੀ ਸਰਕਾਰ ਲਈ ਰਾਹ ਪੱਧਰਾ ਹੋਇਆ ਸੀ, ਕਿਉਂਕਿ ਕਿਹਾ ਇਹ ਹੀ ਜਾਂਦਾ ਰਿਹਾ ਹੈ ਕਿ ਯੂ.ਪੀ. ਹੀ ਦੇਸ਼ ਦੇ ਹਾਕਮਾਂ ਦਾ ਰਾਹ ਪੱਧਰਾ ਕਰਦਾ ਹੈ ਅਤੇ ਇਹੋ ਰਾਹ ਹਾਕਮਾਂ ਲਈ ਔਝੜਾ ਵੀ ਪੈਂਦਾ ਹੈ।

*-ਗੁਰਮੀਤ ਸਿੰਘ ਪਲਾਹੀ*
*218- ਗੁਰੂ ਹਰਗੋਬਿੰਦ ਨਗਰ,*
*ਫਗਵਾੜਾ।*
*9815802070*

# ਆਪਟੀਸ਼ੀਅਨ ਵਿੱਚ ਰੁਜ਼ਗਾਰ ਅਤੇ ਕਰੀਅਰ ਦੇ ਮੌਕੇ

-ਵਿਜੈ ਗਰਗ



ਅੱਖਾਂ ਦੀ ਦੇਖਭਾਲ ਦੇ ਖੇਤਰ ਵਿੱਚ ਇੱਕ ਆਪਟੀਸ਼ੀਅਨ ਇੱਕ ਹੋਰ ਪੇਸ਼ੇਵਰ ਹੁੰਦਾ ਹੈ। ਉਹ ਸਿਖਿਅਤ ਪੇਸ਼ੇਵਰ ਹੁੰਦੇ ਹਨ ਜਿਨ੍ਹਾਂ ਦੀ ਜ਼ਿੰਮੇਵਾਰੀ ਖੇਤਰ ਦੇ ਵਧੇਰੇ ਵਿਸ਼ੇਸ਼ ਮੈਡੀਕਲ ਪੇਸ਼ੇਵਰਾਂ (ਆਂ) ਦੀ ਸਿਫ਼ਾਰਸ਼ 'ਤੇ ਮਰੀਜ਼ਾਂ ਲਈ ਐਨਕਾਂ ਫਿੱਟ ਕਰਨ ਅਤੇ ਵੰਡਣ ਦੀ ਹੁੰਦੀ ਹੈ ਜਿਵੇਂ ਕਿ ਨੇਤਰ ਵਿਗਿਆਨੀਆਂ ਜਾਂ ਅੱਖਾਂ ਦੇ ਮਾਹਿਰ। ਆਪਟੀਸ਼ੀਅਨ ਦੇ ਕੰਮ ਵਿੱਚ ਉਹਨਾਂ ਦੇ ਗਾਹਕਾਂ/ਮਰੀਜ਼ਾਂ ਦੀ ਸਹੀ ਕਿਸਮ ਦੇ ਐਨਕਾਂ ਦੇ ਫਰੇਮਾਂ ਦੀ ਚੋਣ ਕਰਨ ਵਿੱਚ ਮਦਦ ਕਰਨਾ ਅਤੇ ਫਿਰ ਉਹਨਾਂ ਦੇ ਚਿਹਰਿਆਂ ਨੂੰ ਮਾਪਣਾ ਸ਼ਾਮਲ ਹੈ ਤਾਂ ਜੋ ਸਹੀ ਆਕਾਰ ਦੇ ਫਰੇਮ ਬਣਾਏ ਜਾ ਸਕਣ।

ਆਪਟੀਸ਼ੀਅਨ ਅੱਖਾਂ ਦੇ ਕੋਰਨੀਆ ਦੇ ਵਿਚਕਾਰ ਸਹੀ ਦੂਰੀ ਨੂੰ ਵੀ ਮਾਪਦੇ ਹਨ ਤਾਂ ਜੋ ਲੈਂਸਾਂ ਨੂੰ ਫਰੇਮਾਂ ਵਿੱਚ ਸਹੀ ਢੰਗ ਨਾਲ ਫਿੱਟ ਕੀਤਾ ਜਾ ਸਕੇ। ਕੁਝ ਆਪਟੀਸ਼ੀਅਨ ਕਾਂਟੈਕਟ ਲੈਂਸ ਅਤੇ ਨਕਲੀ ਅੱਖਾਂ ਦੀ ਫਿਟਿੰਗ ਵਿੱਚ ਮੁਹਾਰਤ ਰੱਖਦੇ ਹਨ।

ਅੱਖਾਂ ਦੀ ਦੇਖਭਾਲ ਦੇ ਖੇਤਰ ਵਿੱਚ ਆਪਟੀਸ਼ੀਅਨਾਂ ਨੂੰ ਕਿਸੇ ਵੀ ਹੋਰ ਪੇਸ਼ੇਵਰ ਜਿੰਨਾ ਮਹੱਤਵਪੂਰਨ ਮੰਨਿਆ ਜਾਂਦਾ ਹੈ ਕਿਉਂਕਿ ਉਹ ਉਹ ਹਨ ਜਿਨ੍ਹਾਂ ਦੀ ਕੁਸ਼ਲਤਾ 'ਤੇ ਅੱਖਾਂ ਦੇ ਮਾਹਰ ਨਿਦਾਨ ਦੀ ਸਫਲਤਾ ਨਿਰਭਰ ਕਰਦੀ ਹੈ। ਕਿਉਂਕਿ ਇਹ ਉਹ ਵਿਅਕਤੀ ਹਨ ਜੋ ਮਰੀਜ਼ਾਂ ਨੂੰ ਸਹੀ ਕਿਸਮ ਦੀਆਂ ਐਨਕਾਂ ਪ੍ਰਦਾਨ ਕਰਨ ਜਾ ਰਹੇ ਹਨ।

ਰੁਟੀਨ ਲਾਈਫ ਵਿੱਚ ਕੰਪਿਊਟਰ ਵਰਗੇ ਵਿਜ਼ੂਅਲ ਮਾਧਿਅਮ ਦੀ ਵੱਧਦੀ ਵਰਤੋਂ ਦੇ ਨਾਲ ਬਦਲੀ ਹੋਈ ਜੀਵਨ ਸ਼ੈਲੀ ਅਤੇ ਕੰਮਕਾਜੀ ਸਥਿਤੀਆਂ ਅੱਖਾਂ ਨਾਲ ਸਬੰਧਤ ਬਿਮਾਰੀਆਂ ਅਤੇ ਬਿਮਾਰੀਆਂ ਵਿੱਚ ਵਾਧੇ ਦਾ ਇੱਕ ਵੱਡਾ ਕਾਰਨ ਹਨ ਜੋ ਪੂਰੀ ਦੁਨੀਆ ਵਿੱਚ ਵੱਡੀ ਆਬਾਦੀ ਨੂੰ ਪ੍ਰਭਾਵਤ ਕਰ ਰਹੀਆਂ ਹਨ, ਜਿਸ ਨਾਲ ਅੱਖਾਂ ਦੇ ਮਾਹਿਰਾਂ ਦੇ ਕੰਮ ਵਿੱਚ ਵਾਧਾ ਹੋਇਆ ਹੈ। ਇਸ ਲਈ ਜਿਹੜੇ ਲੋਕ ਆਪਟੀਸ਼ੀਅਨ ਬਣਨਾ ਚਾਹੁੰਦੇ ਹਨ ਉਨ੍ਹਾਂ ਲਈ ਇੱਕ ਚੰਗੀ ਗੁੰਜ-ਾਇਸ਼ ਹੈ।

ਹਾਲਾਂਕਿ ਸੰਭਾਵੀ ਗਾਹਕਾਂ ਦੁਆਰਾ ਉੱਨਤ ਤਕਨਾਲੋਜੀ ਦੇ ਆਗਮਨ ਅਤੇ ਉੱਚ ਸਟੀਕਸ਼ਨ ਦੀ ਮੰਗ ਦੇ ਨਾਲ ਕੁਝ ਤਜਰਬੇਕਾਰ ਆਪਟੀਸ਼ੀਅਨ ਦੇ ਅਧੀਨ ਗੈਰ-ਰਸਮੀ ਸਿਖਲਾਈ ਪ੍ਰਾਪਤ ਕਰਕੇ ਇੱਕ ਆਪਟੀਸ਼ੀਅਨ ਬਣਨ ਲਈ ਲੋੜੀਂਦੇ ਹੁਨਰਾਂ ਨੂੰ ਅਪਣਾ ਸਕਦਾ ਹੈ, ਸਬੰਧਤ ਖੇਤਰ ਵਿੱਚ ਕੁਝ ਰਸਮੀ ਯੋਗਤਾ ਪ੍ਰਾਪਤ ਕਰਨ ਦੀ ਤੁਰੰਤ ਲੋੜ ਹੈ। ਇਸ ਲਈ ਇਸ ਕੈਰੀਅਰ ਨੂੰ ਅਪਣਾਉਣ ਅਤੇ ਬਿਹਤਰੀਨ ਦੀ ਦੌੜ ਵਿੱਚ ਬਣਨ ਲਈ ਹੇਠਾਂ ਦਿੱਤੇ ਗਏ ਇੱਕ ਜਾਂ ਵੱਧ ਕੋਰਸ ਕਰ ਸਕਦੇ ਹਨ।

ਆਪਟੀਸ਼ੀਅਨ ਯੋਗਤਾ:

ਇੱਕ ਆਪਟੀਸ਼ੀਅਨ ਬਣਨ ਲਈ ਇੱਕ ਨੂੰ ਮੁੱਖ ਵਿਸ਼ਿਆਂ ਵਜੋਂ ਜੀਵ ਵਿਗਿਆਨ ਅਤੇ ਭੌਤਿਕ ਵਿਗਿਆਨ ਦੇ ਨਾਲ ਵਿਗਿਆਨ ਵਿੱਚ ਘੱਟੋ ਘੱਟ ਇੱਕ ਬੈਚਲਰ ਡਿਗਰੀ ਪ੍ਰਾਪਤ ਕਰਨੀ ਚਾਹੀਦੀ ਹੈ।

ਆਪਟੀਸ਼ੀਅਨ ਲੋੜੀਂਦੇ ਹੁਨਰ:

ਆਪਟੀਸ਼ੀਅਨ ਕੋਲ ਗਣਿਤ ਅਤੇ ਵਿਗਿਆਨਕ ਜਾਣਕਾਰੀ ਨੂੰ ਸਮਝਣ ਦੀ ਸਮਰੱਥਾ ਹੁੰਦੀ ਹੈ; ਸ਼ੁੱਧਤਾ ਅਤੇ ਵੇਰਵੇ ਵੱਲ ਧਿਆਨ; ਨਵੀਆਂ ਤਕਨੀਕਾਂ ਅਤੇ ਯੰਤਰਾਂ ਦੇ ਅਨੁਕੂਲ ਹੋਣ ਦੀ ਯੋਗਤਾ।

ਉਹਨਾਂ ਕੋਲ ਦੁਹਰਾਉਣ ਵਾਲੇ ਕੰਮਾਂ ਲਈ ਇਕਾਗਰਤਾ ਬਣਾਈ ਰੱਖਣ ਦੀ ਯੋਗਤਾ ਵੀ ਹੈ; ਮਜ਼ਬੂਤ ਸੰਚਾਰ ਹੁਨਰ; ਲੋਕਾਂ ਦੀ ਮਦਦ ਕਰਨ ਦੀ ਸੱਚੀ ਇੱਛਾ ਅਤੇ ਚਿੰਤਤ ਮਰੀਜ਼ਾਂ ਨੂੰ ਆਰਾਮ ਦੇਣ ਦੀ ਯੋਗਤਾ।

ਉਹਨਾਂ ਕੋਲ ਬੱਚਿਆਂ ਨੂੰ ਵਿਚਾਰਾਂ ਅਤੇ ਹਦਾਇਤਾਂ ਨੂੰ ਸਮਝਾਉਣ ਦੀ ਯੋਗਤਾ ਵੀ ਹੋਣੀ ਚਾਹੀਦੀ ਹੈ; ਚੰਗੇ ਸੰਗਠਨਾਤਮਕ ਅਤੇ ਪ੍ਰਸ਼ਾਸਨ ਦੇ ਹੁਨਰ ਅਤੇ ਸ਼ੈਲੀ ਅਤੇ ਫੈਸ਼ਨ ਵਿੱਚ ਦਿਲਚਸਪੀ।

ਆਪਟੀਸ਼ੀਅਨ ਕਿਵੇਂ ਬਣਨਾ ਹੈ?

ਚਾਹਵਾਨ ਉਮੀਦਵਾਰ ਨੂੰ ਆਪਟੀਸ਼ੀਅਨ ਬਣਨ ਲਈ ਦਿੱਤੇ ਗਏ ਕਦਮਾਂ ਦੀ ਪਾਲਣਾ ਕਰਨੀ ਪੈਂਦੀ ਹੈ।

ਕਦਮ 1:

ਆਪਟੀਸ਼ੀਅਨ ਬਣਨ ਵੱਲ ਪਹਿਲੇ ਕਦਮ ਵਜੋਂ, ਦਿਲਚਸਪੀ ਰੱਖਣ ਵਾਲੇ ਉਮੀਦਵਾਰ ਨੂੰ ਬੈਚਲਰ ਆਫ਼ ਸਾਇੰਸ (ਬੀ.ਐਸ.ਸੀ.) - ਤਿੰਨ ਸਾਲਾਂ ਦੇ ਗ੍ਰੈਜੂਏਟ ਡਿਗਰੀ ਕੋਰਸ ਵਿੱਚ ਦਾਖਲਾ ਲੈਣਾ ਪੈਂਦਾ ਹੈ। ਉਮੀਦਵਾਰ ਨੂੰ ਕੁਝ ਉੱਚ ਦਰਜਾ ਪ੍ਰਾਪਤ ਵਿਗਿਆਨ ਸੰਸਥਾਵਾਂ ਵਿੱਚ ਦਾਖਲਾ ਲੈਣ ਲਈ ਦਾਖਲਾ ਪ੍ਰੀਖਿਆ ਦੇਣੀ ਪੈ ਸਕਦੀ ਹੈ ਜੋ ਬੀ.ਐਸ.ਸੀ. ਕੋਰਸ।

ਕਦਮ 2:

ਤਿੰਨ ਸਾਲਾ ਬੀ.ਐਸ.ਸੀ. ਕੋਰਸ, ਉਮੀਦਵਾਰ ਜਾਂ ਤਾਂ ਕਾਰਪੋਰੇਟ ਆਈ ਕੇਅਰ ਸੈਂਟਰਾਂ ਵਿੱਚ ਕੋਈ ਨੌਕਰੀ ਪ੍ਰਾਪਤ ਕਰ ਸਕਦੇ ਹਨ। ਖੇਤਰ ਵਿੱਚ ਕੁਝ ਤਜਰਬੇਕਾਰ ਅਤੇ ਸਿੱਖਿਅਤ ਪੇਸ਼ੇਵਰਾਂ ਦੇ ਅਧੀਨ ਕੰਮ ਕਰਕੇ ਲੋੜੀਂਦੀ ਸਿਖਲਾਈ ਪ੍ਰਾਪਤ ਕਰਨ ਤੋਂ ਬਾਅਦ ਆਪਣਾ ਨਿੱਜੀ ਉੱਦਮ ਸਥਾਪਤ ਕਰਨਾ ਇੱਕ ਹੋਰ ਮੁਨਾਫਾ ਵਿਕਲਪ ਹੈ।

ਆਪਟੀਸ਼ੀਅਨ ਲਈ ਕੋਰਸ ਪੇਸ਼ ਕਰਨ ਵਾਲੀਆਂ ਸੰਸਥਾਵਾਂ:

-ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼), ਨਵੀਂ ਦਿੱਲੀ

-ਇੰਦਰਾ ਗਾਂਧੀ ਮੈਡੀਕਲ ਕਾਲਜ, ਸ਼ਿਮਲਾ

-ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ

-ਭਾਰਤੀ ਵਿਦਿਆਪੀਠ ਯੂਨੀਵਰਸਿਟੀ, ਪੁਣੇ

ਆਪਟੀਸ਼ੀਅਨ ਨੌਕਰੀ ਦਾ ਵੇਰਵਾ:

ਆਪਟੀਸ਼ੀਅਨ ਦੇ ਕੁਝ ਫਰਜ਼ ਹਨ:

-ਉਹਨਾਂ ਨੂੰ ਮਾਪਣ ਵਾਲੇ ਯੰਤਰਾਂ ਦੀ ਵਰਤੋਂ ਕਰਕੇ ਗਾਹਕਾਂ ਦੇ ਪੁਲ ਅਤੇ ਅੱਖਾਂ ਦੇ ਆਕਾਰ ਅਤੇ ਹੋਰ ਵਿਸ਼ੇਸ਼ਤਾਵਾਂ ਨੂੰ ਮਾਪਣਾ ਪੈਂਦਾ ਹੈ।

-ਉਹ ਇਹ ਵੀ ਤਸਦੀਕ ਕਰਦੇ ਹਨ ਕਿ ਮੁਕੰਮਲ ਲੈਂਸ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਹਨ।

-ਉਹਨਾਂ ਨੂੰ ਲੈਂਸ ਪੀਸਣ ਅਤੇ ਐਨਕਾਂ ਬਣਾਉਣ ਲਈ ਵਰਕ ਆਰਡਰ ਅਤੇ ਨਿਰਦੇਸ਼ ਤਿਆਰ ਕਰਨੇ ਪੈਂਦੇ ਹਨ।

-ਉਹ ਕਲਾਇੰਟਸ ਦੀ ਸ਼ੈਲੀ ਅਤੇ ਰੰਗ ਦੇ ਅਨੁਸਾਰ ਫਰੇਮਾਂ ਦੀ ਚੋਣ ਕਰਨ ਵਿੱਚ ਵੀ ਸਹਾਇਤਾ ਕਰਦੇ ਹਨ ਅਤੇ ਇਹ ਸੁਨਿਸ਼ਚਿਤ ਕਰਦੇ ਹਨ ਕਿ ਫਰੇਮ ਚਿਹਰੇ ਅਤੇ ਅੱਖਾਂ ਦੇ ਮਾਪ ਅਤੇ ਆਪਟੀਕਲ ਨੁਸਖਿਆਂ ਨਾਲ ਤਾਲਮੇਲ ਕੀਤੇ ਗਏ ਹਨ।

-ਉਹ ਗਾਹਕ ਦੇ ਨੁਸਖੇ, ਕੰਮ ਦੇ ਆਦੇਸ਼ਾਂ ਅਤੇ ਭੁਗਤਾਨਾਂ ਦੇ ਰਿਕ-ਾਰਡ ਨੂੰ ਵੀ ਕਾਇਮ ਰੱਖਦੇ ਹਨ।

ਆਪਟੀਸ਼ੀਅਨ ਕਰੀਅਰ ਦੀਆਂ ਸੰਭਾਵਨਾਵਾਂ:

ਅਜੋਕੇ ਸਮੇਂ ਵਿੱਚ ਅੱਖਾਂ ਦੀ ਸਮੱਸਿਆ ਵਾਲੇ ਮਰੀਜ਼ਾਂ ਵਿੱਚ ਅਚਾਨਕ ਹੋਏ ਵਾਧੇ ਨੂੰ ਦੇਖਦੇ ਹੋਏ ਆਉਣ ਵਾਲੇ ਸਮੇਂ ਵਿੱਚ ਉੱਚ ਕੁਸ਼ਲ ਐਨਕਟੀਸ਼ੀਅਨ ਦੀ ਲੋੜ ਵਧਣ ਦੀ ਉਮੀਦ ਹੈ। ਇਸ ਤਰ੍ਹਾਂ ਨਿਜੀ ਪ੍ਰੈਕਟਿਸ ਅਤੇ ਕਾਰਪੋਰੇਟ ਸੈਕਟਰ ਦੋਵਾਂ ਵਿੱਚ ਆਪਟੀਸ਼ੀਅਨਾਂ ਦੀਆਂ ਸੰਭਾਵਨਾਵਾਂ ਕਾਫ਼ੀ ਉਜਵਲ ਹਨ।

# ਭਾਰਤੀ ਵਿਦੇਸ਼ ਨੀਤੀ ਆਪਣੇ ਲੈਅ ਹਾਸਲ ਕਰਨ ਵਿੱਚ ਸਮਰੱਥ ਨਹੀਂ ਹੋ ਰਹੀ

-ਆਕਾਰ ਪਟੇਲ-

ਭਾਰਤ ਯੂ ਐੱਨ ਸੁਰੱਖਿਆ ਕੌਂਸਲ (ਜਿੱਥੇ ਅਸੀਂ ਇੱਕ ਗੈਰ-ਸਥਾਈ ਮੈਂਬਰ ਹਾਂ) ਵਿੱਚ ਯੂਕਰੇਨ ਉੱਤੇ ਹਮਲੇ ਲਈ ਰੂਸ ਦੀ ਆਲੋਚਨਾ ਬਾਰੇ ਵੋਟਿੰਗ ਤੋਂ ਗੈਰ-ਹਾਜ਼ਰ ਰਿਹਾ। ਇਸ ਨੇ ਕਿਹਾ ਕਿ ਇਹ ਬਹੁਤ ਚਿੰਤਤ ਹੈ ਤੇ ਇਸ ਨੇ ਹਿੰਸਾ ਦੀ ਸਮਾਪਤੀ ਅਤੇ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਦਾ ਸਨਮਾਨ ਕਰਨ ਦਾ ਸੱਦਾ ਦਿੱਤਾ ਹੈ ਅਤੇ 'ਇਨ੍ਹਾਂ ਕਾਰਨਾਂ ਕਰ ਕੇ' ਗੈਰ ਹਾਜ਼ਰ ਰਹਿਣਾ ਚੁਣਿਆ। ਇਹ ਸ਼ਾਇਦ ਦੁਬਿਧਾ ਵਾਲਾ ਜਾਪ ਰਿਹਾ ਹੈ ਕਿਉਂਕਿ ਭਾਰਤ ਰੂਸ ਦੀ ਜੰਗ ਦੇ ਵਿਰੁੱਧ ਵਿਸ਼ਵ ਪੱਧਰੀ ਚਿੰਤਾਵਾਂ ਨੂੰ ਦੁਹਰਾ ਰਿਹਾ ਹੈ ਅਤੇ ਫਿਰ ਇਸ ਦੀ ਆਲੋਚਨਾ ਕਰਨ ਤੋਂ ਨਾਂਹ ਕਰਦਾ ਹੈ।

ਸੱਚਾਈ ਇਹ ਹੈ ਕਿ ਭਾਰਤ ਕੂਟਨੀਤੀ ਦੇ ਮਾਮਲੇ ਵਿੱਚ ਇੱਕ ਔਖ ਦਾ ਸਾਹਮਣਾ ਕਰ ਰਿਹਾ ਹੈ। ਰੂਸ ਭਾਰਤ ਨੂੰ ਅੱਧੀ ਤੋਂ ਵੱਧ ਫੌਜੀ ਸਮੱਗਰੀ ਦੇਂਦਾ ਹੈ। ਮਿਸਾਲ ਵਜੋਂ ਸਾਡੇ 96 ਫੀਸਦੀ ਮੁੱਖ ਜੰਗੀ ਟੈਂਕ ਰੂਸੀ ਹਨ, ਸਾਡਾ ਇੱਕੋ-ਇੱਕ ਜਹਾਜ਼ ਲਿਜਾਣ ਵਾਲਾ ਸਮੁੰਦਰੀ ਬੇੜਾ ਅਤੇ ਇੱਕੋ-ਇੱਕ ਐਟਮੀ ਊਰਜਾ ਵਾਲੀ ਪਣਡੁੱਬੀ ਰੂਸੀ ਹੈ, ਸਾਡੇ 71 ਫੀਸਦੀ ਲੜਾਕੂ ਜਹਾਜ਼ ਤੇ ਸਾਰੇ ਛੇ ਏਅਰ ਟੈਂਕਰ ਰੂਸੀ ਹਨ। ਇਹ ਕਲਾਸੀਫਾਈਡ ਜਾਣਕਾਰੀ ਨਹੀਂ, ਇਹ ਗਿਣਤੀਆਂ ਯੂਨਾਈਟਿਡ ਸਟੇਟਸ ਕਾਂਗ੍ਰੈਸ਼ਨਲ ਰਿਸਰਚ ਸਰਵਿਸ ਤੋਂ ਆਈਆਂ ਹਨ। ਜੰਗ ਤੇ ਇੱਥੋਂ ਤੱਕ ਕਿ ਇਨ੍ਹਾਂ ਬਹੁਤ ਹੀ ਉਚ ਨਿਪੁੰਨ ਮਸ਼ੀਨਾਂ ਵਿੱਚ ਸਿਖਲਾਈ ਲਈ ਲਗਾਤਾਰ ਪੁਰਜ਼ਿਆਂ ਅਤੇ ਸਰਵਿਸਿੰਗ ਦੀ ਲੋੜ ਹੁੰਦੀ ਹੈ, ਇਸ ਕਾਰਨ ਭਾਰਤ ਨੂੰ ਜ਼ਰੂਰੀ ਤੌਰ ਉੱਤੇ ਰੂਸੀ ਸਪਲਾਈ ਕਰਤਾਵਾਂ ਨਾਲ ਜੁੜੇ ਰਹਿਣਾ ਹੋਵੇਗਾ। ਇਸ ਦੇ ਇਲਾਵਾ ਮਾਹਰ ਲੱਦਾਖ ਦੇ ਮੁੱਦੇ ਉੱਤੇ ਸਾਡੇ ਅਤੇ ਚੀਨ ਵਿਚਾਲੇ ਰੂਸ ਨੂੰ ਇੱਕ ਸ਼ਾਂਤੀ ਨਿਰਮਾਤਾ ਜਾਂ ਪੀਸਮੇਕਰ ਵਜੋਂ ਦੇਖਦੇ ਹਨ। ਇਸ ਲਈ ਅਸੀਂ ਪੁਤਿਨ ਨੂੰ ਨਾਖੁਸ਼ ਨਹੀਂ ਕਰ ਸਕਦੇ। ਨਤੀਜੇ ਵਿੱਚ ਭਾਰਤ ਦਾ ਵੋਟ ਕੋਈ ਅਰਥ ਨਹੀਂ ਰੱਖਦਾ, ਕਿਉਂਕਿ ਇੱਕ ਸਥਾਈ ਮੈਂਬਰ ਵਜੋਂ ਰੂਸ ਕੋਲ ਵੀਟੋ ਸ਼ਕਤੀ ਹੈ, ਜਿਸ ਦੀ ਉਸ ਨੇ ਵਰਤੋਂ ਕੀਤੀ ਅਤੇ ਇਹ ਸੰਭਵ ਸੀ ਕਿ ਆਲੋਚਨਾ ਦਾ ਮਤਾ ਡਿੱਗ ਜਾਵੇਗਾ। ਵਿਸ਼ਵ ਕੋਲ ਹਮਲੇ ਵਿਰੁੱਧ ਇਕੱਠੇ ਹੋਣ ਦਾ ਇੱਕ ਮੌਕਾ ਸੀ ਤੇ ਸਭ ਤੋਂ ਵੱਡੇ ਲੋਕਤੰਤਰ ਨੇ ਹਮਲੇ ਦਾ ਸ਼ਿਕਾਰ ਹੋਏ ਦੇਸ਼ ਦਾ ਪੱਖ ਲੈਣਾ ਨਹੀਂ ਚੁਣਿਆ। ਦਿਲਚਸਪ ਗੱਲ ਹੈ ਕਿ ਸਾਡੇ ਨਾਲ ਚੀਨ ਵੀ ਗੈਰ ਹਾਜ਼ਰ ਰਿਹਾ।

ਮੌਜੂਦਾ ਨਰਿੰਦਰ ਮੋਦੀ ਸਰਕਾਰ ਅਧੀਨ ਭਾਰਤ ਦੀ ਵਿਦਸ਼ ਨੀਤੀ ਆਪਣੀ ਲੈਅ ਫੜਨ ਵਿੱਚ ਸਮਰੱਥ ਨਹੀਂ ਹੋ ਸਕੀ, ਕਿਉਂਕਿ ਇਸ ਕੋਲ ਕੋਈ ਥੀਮ ਨਹੀਂ ਹੈ। ਆਜ਼ਾਦ ਦੇਸ਼ ਦੇ ਤੌਰ ਉੱਤੇ ਸਾਡੇ ਪੂਰੇ ਇਤਿਹਾਸ ਦੌਰਾਨ ਭਾਰਤ ਨੇ ਖੁਦ ਨੂੰ ਵਿਦੇਸ਼ਾਂ ਵਿੱਚ ਧਰਮ ਨਿਰਪੱਖ ਅਤੇ ਸੰਭਾਲਣ ਵਾਲੀਆਂ ਰਵਾਇਤਾਂ ਨਾਲ ਇੱਕ ਪ੍ਰਾਚੀਨ ਧਰਤੀ ਵਜੋਂ ਪੇਸ਼ ਕੀਤਾ ਹੈ। ਇਹ 2014 ਮਗਰੋਂ ਬਦਲ ਗਿਆ, ਪਰ ਦ੍ਰਿਸ਼ਟਾਂਤ ਵਿੱਚ ਵਧੇਰੇ ਤਬਦੀਲੀ ਦੇ ਬਿਨਾਂ, ਭਾਵ ਕੋਈ ਅਜਿਹੀ ਲਿਖਤੀ ਨੀਤੀ ਨਹੀਂ ਸੀ, ਜੋ ਦਾਅਵਾ ਕਰਦੀ ਕਿ ਹਿੰਦੂਤਵ ਭਾਰਤ ਦੀ ਸੱਤਾਧਾਰੀ ਵਿਚਾਰਧਾਰਾ ਹੈ। ਤਾਜ਼ਾ ਅਧਿਐਨ ਦੱਸਦੇ ਹਨ ਕਿ ਸਰਕਾਰ ਨੇ ਆਪਣੇ ਕੂਟਨੀਤੀ ਮਾਹਰਾਂ ਨੂੰ ਇਹ ਨਿਰਦੇਸ਼ ਦੇਣੇ ਸ਼ੁਰੂ ਕੀਤੇ ਕਿ ਵਿਦੇਸ਼ਾਂ ਵਿੱਚ ਅਜਿਹੇ ਘਟਨਾਕ੍ਰਮਾਂ ਉੱਤੇ ਧਿਆਨ ਕੇਂਦਰਿਤ ਕਰਨ, ਜੋ ਭਾਰਤ ਦੀਆਂ ਹਿੰਦੂ ਰਵਾਇਤਾਂ ਦਰਸਾਉਂਦੇ ਹਨ। ਇਹ ਕੁਝ ਕੂਟਨੀਤੀ ਮਾਹਰਾਂ ਦੀ ਨਿਯੁਕਤੀ ਨਾਲ ਵੀ ਹੋਇਆ, ਜਿਨ੍ਹਾਂ ਦਾ ਝੁਕਾਅ ਭਾਜਪਾ ਦੀ ਸੋਚ ਵੱਲ ਸੀ।

ਇਸ ਸਰਕਾਰ ਦੇ ਪਹਿਲੇ ਪੰਜ ਸਾਲਾਂ ਦੀ ਇਹ ਤਬਦੀਲੀ ਅਰਥ ਨਹੀਂ ਰੱਖਦੀ ਸੀ, ਕਿਉਂਕਿ ਖੁਦ ਭਾਰਤ ਵਿੱਚ ਹੀ ਇਹ ਵਿਚਾਰਧਾਰਾ ਬਹੁਤ ਵੱਡੇ ਪੱਧਰ ਉੱਤੇ ਦਿਖਾਈ ਨਹੀਂ ਦੇ ਰਹੀ ਸੀ। ਸਾਲ 2019 ਦੇ ਬਾਅਦ ਕੂਟਨੀਤੀ ਮਾਹਰ ਖੁਦ ਨੂੰ ਇੱਕ ਡਿਫੈਂਸਿਵ ਮੋਡ ਵਿੱਚ ਲੈ ਆਏ, ਕਿਉਂਕਿ ਇਸ ਵਿਚਾਰਧਾਰਾ ਨੇ ਆਪਣੇ ਪੰਜੇ ਸਾਡੀਆਂ ਘੱਟ-ਗਿਣਤੀਆਂ ਵਿਰੁੱਧ ਫੈਲਾਉਣੇ ਸ਼ੁਰੂ ਕਰ ਦਿੱਤੇ ਸਨ। 2019 ਵਿੱਚ ਦੂਜੀ ਜਿੱਤ ਪਿੱਛੋਂ ਅੰਦਰੂਨੀ ਝਟਕੇ ਦੀ ਲੜੀ ਸਾਹਮਣੇ ਆਈ, ਜਿਸ ਦੇ ਬਾਹਰੀ ਪ੍ਰਭਾਵ ਸਨ। ਪਹਿਲਾ ਸੀ ਧਾਰਾ 370 ਨੂੰ ਰੱਦ ਕਰਨ ਦਾ ਫੈਸਲਾ। ਫਿਰ ਆਇਆ 17 ਮਹੀਨਿਆਂ ਲਈ ਸਾਰੇ ਕਸ਼ਮੀਰੀਆਂ ਲਈ ਇੰਟਰਨੈਟ ਬੰਦ ਕਰਨਾ। ਕਸ਼ਮੀਰੀ ਬੱਚਿਆਂ ਦੀ ਪੂਰੇ 2020 ਲਈ ਆਨਲਾਈਨ ਸਿੱਖਿਆ ਤੱਕ ਪੁਹੰਚ ਨਹੀਂ ਸੀ। ਅਮਰੀਕੀ ਹਾਊਸ ਆਫ ਰਿਪ੍ਰੈਜ਼ੈਂਟੇਟਿਵਜ਼ (ਉਨ੍ਹਾਂ ਦੀ ਲੋਕ ਸਭਾ) ਵਿੱਚ ਕਸ਼ਮੀਰੀਆਂ ਦੇ ਵਿਰੁੱਧ ਭਾਰਤ ਦੀਆਂ ਕਾਰਵਾਈਆਂ ਦੀ ਆਲੋਚਨਾ ਦਾ ਮਤਾ ਪਾਸ ਕੀਤਾ ਗਿਆ। ਇਹ ਮਤਾ ਅੱਗੇ ਨਹੀਂ ਵਧ ਸਕਿਆ ਕਿਉਂਕਿ ਰਿਪਬਲਿਕਨਜ਼ ਉਥੇ ਬਹੁਮਤ ਵਿੱਚ ਸਨ ਤੇ ਡੋਨਾਲਡ ਟਰੰਪ ਸਾਡੇ ਮਿੱਤਰ ਸਨ। ਬਾਈਡੇਨ ਸਰਕਾਰ ਵੱਲੋਂ ਸਹੁੰ ਚੁੱਕਣ ਦੇ ਸਿਰਫ ਕੁਝ ਦਿਨਾਂ ਬਾਅਦ ਭਾਰਤ ਨੇ 17 ਮਹੀਨਿਆਂ ਦੇ ਅੜਿੱਕੇ ਨੂੰ ਹਟਾ ਲਿਆ ਤੇ ਇਸ ਦਾ ਇੱਕ ਕਾਰਨ ਇਸ ਨੂੰ ਯਕੀਨੀ ਤੌਰ ਉੱਤੇ ਪੈਣ ਵਾਲੇ ਦਬਾਅ ਦਾ ਮਹਿਸੂਸ ਹੋਣਾ ਸੀ, ਕਿਉਂਕਿ ਟਰੰਪ ਬਾਹਰ ਹੋ ਚੁੱਕੇ ਸਨ।

ਧਾਰਾ 370 ਦੇ ਕਦਮ ਚੁੱਕਣ ਦੇ ਕੁਝ ਹਫਤਿਆਂ ਬਾਅਦ ਆਸਵੰਦ ਭਾਜਪਾ ਨੇ ਨਾਗਰਿਕਤਾ ਸੋਧ ਕਾਨੂੰਨ ਪਾਸ ਕੀਤਾ। ਦੁਨੀਆ ਇੱਕ ਵਾਰ ਫਿਰ ਚੌਕਸ ਹੋ ਗਈ। ਯੂਰਪੀਅਨ ਪਾਰਲੀਮੈਂਟ ਨੇ ਭਾਰਤ ਦੀ ਆਲੋਚਨਾ ਲਈ ਮਤਾ ਪੇਸ਼ ਕੀਤਾ। ਇੱਥੇ ਇਹ ਰਿਪੋਰਟਾਂ ਸਨ ਕਿ ਇਹ ਪਾਸ ਹੋ ਜਾਵੇਗਾ। ਭਾਰਤ ਦੀ ਕੂਟਨੀਤੀ ਵੋਟਿੰਗ ਨੂੰ ਟਾਲਣ ਤੋਂ ਸਫਲ ਰਹੀ, ਪਰ ਇਸ ਦੇ ਬਦਲੇ ਸ਼ਰਤ ਇਹ ਰਹੀ ਕਿ ਅਸੀਂ ਸੀ ਏ ਏ ਲਾਗੂ ਨਹੀਂ ਕਰਾਂਗੇ (ਜਿਸ ਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ)। ਇਹ ਉਹ ਚੀਜ਼ਾਂ ਹਨ, ਜਿਨ੍ਹਾਂ ਨਾਲ ਭਾਰਤ ਦੇ ਕੂਟਨੀਤੀ ਮਾਹਰਾਂ ਨੂੰ ਅਤੀਤ ਵਿੱਚ ਨਹੀਂ ਨਜਿੱਠਣਾ ਪਿਆ ਸੀ ਅਤੇ ਖਾਸ ਤੌਰ ਉੱਤੇ ਉਨ੍ਹਾਂ ਨਾਲ, ਜੋ ਸਾਡੇ ਮਿੱਤਰ ਹਨ। ਇਸ ਦੇ ਉਲਟ ਖੁਦ ਨੂੰ ਵਿਦੇਸ਼ਾਂ ਵਿੱਚ ਧਰਮਨਿਰ-ਪੱਖ ਅਤੇ ਬਹੁਲਤਾਵਾਦੀ ਦੇ ਰੂਪ ਵਿੱਚ ਪੇਸ਼ ਕਰਨਾ, ਜਦ ਕਿ ਘਰ ਵਿੱਚ ਇਸ ਦੇ ਉਲਟ ਕਰਨਾ, ਦਾ ਹੱਲ ਸੌਖਾ ਨਹੀਂ ਹੈ।

ਇਸ ਮੁੱਦੇ ਨਾਲ ਅਸੀਂ ਆਪਣੇ ਲਈ ਗੁਆਂਢ ਤੋਂ ਇੱਕ ਹੋਰ ਸਮੱਸਿਆ ਲੈ ਆਏ ਜੋ ਧਾਰਾ 370 ਦੀ ਤਬਦੀਲੀ ਦੇ ਬਾਅਦ ਆਈ, ਲੱਦਾਖ ਵਿੱਚ ਚੀਨ ਦੀ ਘੁਸਪੈਠ। ਅਸੀਂ ਚੀਨ ਦਾ ਵਿਰੋਧ ਕਰਨਾ ਸੀ, ਪਰ ਨਾਲ ਹੀ ਰੂਸ ਦੇ ਨਾਲ ਵੀ ਦੋਸਤਾਂ ਵਾਂਗ ਰਹਿਣਾ ਸੀ (ਜੋ ਪੱਛਮ ਦੇ ਵਿਰੁੱਧ ਚੀਨ ਨਾਲ ਮਿਲ ਗਿਆ ਹੈ)। ਅਸੀਂ ਫੌਜੀ ਤੌਰ ਉੱਤੇ ਅਮਰੀਕਾ ਦੇ ਨੇੜੇ ਹੋਣਾ ਚਾਹੁੰਦੇ ਹਾਂ ਅਤੇ 2014 ਦੇ ਬਾਅਦ ਕਈ ਸਮਝੌਤਿਆਂ ਉੱਤੇ ਦਸਤਖਤ ਕੀਤੇ, ਪਰ ਅਸੀਂ ਨਹੀਂ ਜਾਣਦੇ ਕਿ ਕਿੰਨਾ ਨੇੜੇ ਹੋਣਾ ਹੈ। ਕਵਾਡ ਗੱਠਜੋੜ ਦਾ ਮਕਸਦ ਸਮੁੰਦਰੀ ਫੌਜ ਭਾਈਵਾਲੀ ਸੀ, ਪਰ ਉਹ ਭੂਮਿਕਾ ਆਕੁਸ ਨਾਂਅ ਦੇ ਸੰਗਠਨ ਨੂੰ ਦੇ ਦਿੱਤੀ ਗਈ, ਜਿਸ ਦਾ ਅਸੀਂ ਹਿੱਸਾ ਨਹੀਂ ਹਾਂ ਅਤੇ ਕਵਾਡ ਵੈਕਸ਼ੀਨਜ਼ ਨਾਲ ਨਜਿੱਠ ਰਿਹਾ ਹੈ। ਸਾਡੇ ਵਿਦੇਸ਼ ਮੰਤਰੀ ਜੈਸ਼ੰਕਰ ਦਾ ਕਹਿਣਾ ਹੈ ਕਿ ਦੁਨੀਆ ਬਹੁ-ਧਰੁਵੀ ਹੈ ਅਤੇ ਇਸ ਲਈ ਭਾਰਤ ਨੂੰ ਜ਼ਰੂਰ ਮੌਕਾ ਪ੍ਰਸਤ ਹੋਣਾ ਚਾਹੀਦੈ ਅਤੇ ਉਸ ਚੀਜ਼ ਨੂੰ ਛੱਡ ਦੇਣਾ ਚਾਹੀਦੈ, ਜਿਸ ਨੂੰ ਉਹ ਅਤੀਤ ਦੀਆਂ ਝਿਜਕਾਂ ਕਹਿੰਦੇ ਹਨ। ਜਦ ਕਿ ਜਿਸ ਗੱਲ ਦਾ ਪਰਦਾ ਫਾਸ਼ ਹੋਇਆ, ਉਹ ਇਹ ਕਿ ਸਾਡੇ ਕੋਲ ਕੋਈ ਅਸਲੀ ਸਿਧਾਂਤ ਨਹੀਂ ਅਤੇ ਨਾ ਵਿਚਾਰ ਕਿ ਦੁਨੀਆ ਨਾਲ ਕਿਵੇਂ ਨਜਿੱਠਣਾ ਹੈ। ਇਹ ਸਿੱਟਾ ਕੱਢਣਾ ਔਖਾ ਨਹੀਂ ਕਿ ਦੁਨੀਆ ਵਿੱਚ ਸਾਡਾ ਰੁਤਬਾ ਘਟਿਆ ਹੈ ਜਿਸ ਦਾ ਕਾਰਨ ਇਹ ਚੁਣਨਾ ਹੈ ਕਿ ਅਸੀਂ ਅੰਦਰੂਨੀ ਤੌਰ ਉੱਤੇ ਕੀ ਕਰਨਾ ਹੈ। ਦੂਜੇ ਪਾਸੇ ਇਸ ਰਸਤੇ ਉੱਤੇ ਚੱਲਦੇ ਹੋਏ ਅਸੀਂ ਕੋਈ ਨਵਾਂ ਮਿੱਤਰ ਜਾਂ ਸਹਿਯੋਗੀ ਨਹੀਂ ਬਣਾਇਆ। ਕਿਸਮਤ ਨਾਲ ਸਾਡਾ ਵਿਸ਼ਵ ਪੱਧਰੀ ਰੁਤਬਾ ਨਮਾਜ਼, ਬੀਫ ਅਤੇ ਹਿਜਾਬ ਦਾ ਵਿਰੋਧ ਕਰਨ ਤੋਂ ਘੱਟ ਮਹੱਤਵ ਪੂਰਨ ਹੈ ਅਤੇ ਅਸੀਂ ਉਸ ਉੱਤੇ ਕੇਂਦਰਿਤ ਰਹਾਂਗੇ।

## ਪੁਰਤਗਾਲ ਵਿੱਚ ਸੜਕ ਹਾਦਸੇ ’ਚ ਦੋ ਪੰਜਾਬੀਆਂ ਦੀ ਮੌਤ




ਨੂਰਮਹਿਲ, 1 ਮਾਰਚ (ਪੋਸਟ ਬਿਊਰੋ)- ਰੋਜ਼ੀ ਖਾਤਰ ਕੁਝ ਕੁ ਦਿਨ ਪਹਿਲਾਂ ਪੁਰਤਗਾਲ ਪਹੁੰਚੇ ਪਿੰਡ ਸਿੱਧਮ ਮੁਤਸੱਦੀ (ਨੂਰਮਹਿਲ) ਦੇ ਵਸਨੀਕ ਤਰਲੋਚਨ ਲਾਲ ਉਰਫ਼ ਬੱਗੀ (30) ਅਤੇ ਉਸ ਦੇ ਇੱਕ ਦੋਸਤ ਹਰਪ੍ਰੀਤ ਸਿੰਘ (34) ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ ਹੈ।

ਪਤਾ ਲੱਗਾ ਹੈ ਕਿ ਬੱਗੀ ਅਤੇ ਉਸ ਦਾ ਦੋਸਤ ਬੇਜਾ ਸ਼ਹਿਰ ਦੀ ਨੈਸ਼ਨਲ ਰੋਡ (ਈ ਐਨ-18 ਰੋਡ) ਉੱਤੇ ਪੈਦਲ ਜਾ ਰਹੇ ਸਨ ਕਿ ਇੱਕ ਕਾਰ ਨੇ ਟੱਕਰ ਮਾਰ ਦਿੱਤੀ। ਮੌਕੇ ਉੱਤੇਦੋਹਾਂ ਦੀ ਮੌਤ ਹੋਣ ਦੀ ਖਬਰ ਹੈ।ਬੱਗੀ ਇੱਕ ਭੈਣ ਅਤੇ ਇੱਕ ਭਰਾ ਦਾ ਸਭ ਤੋਂ ਛੋਟਾ ਵੀਰ ਸੀ।ਉਸ ਦਾ ਦੋਸਤ ਚੱਬੇਵਾਲ ਦੇ ਪਿੰਡ ਸੋਨੇ ਦਾ ਵਾਸੀ ਸੀ। ਮ੍ਰਿਤਕਾਂ ਦੇ ਪਰਵਾਰਾਂਤੇ ਹਲਕਾ ਨਿਵਾਸੀਆਂ ਨੇ ਕੇਂਦਰ ਅਤੇ ਸੂਬਾ ਸਰਕਾਰ ਤੋਂ ਪੁਰਜ਼ੋਰ ਬੇਨਤੀ ਕੀਤੀ ਹੈ ਕਿ ਇਨ੍ਹਾਂ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਨੂੰ ਭਾਰਤ ਲਿਆ ਕੇ ਪਰਵਾਰ ਨੂੰ ਸੌਂਪੀਆਂ ਜਾਣ ਤਾਂ ਜੋ ਉਨ੍ਹਾਂ ਦੀਆਂ ਅੰਤਿਮ ਰਸਮਾਂ ਕੀਤੀਆਂ ਜਾ ਸਕਣ।

## ਹਥਿਆਰਬੰਦ ਨੌਜਵਾਨਾਂ ਨੇ ਬੈਂਕ ਵਿੱਚੋਂ 3.66 ਲੱਖ ਰੁਪਏ ਲੁੱਟ ਲਏ

ਮੋਗਾ, 1 ਮਾਰਚ (ਪੋਸਟ ਬਿਊਰੋ)- ਥਾਣਾ ਬੱਧਨੀ ਕਲਾਂ ਦੇ ਪਿੰਡ ਮੱਲੇਆਣਾ ਵਿਖੇ ਇੰਡਸਇੰਡ ਬੈਂਕ ਸ਼ਾਖਾ ਵਿੱਚੋਂ ਕੱਲ੍ਹ ਦਿਨ ਦਿਹਾੜੇ ਮੋਟਰ ਸਾਈਕਲ ਉਤੇ ਆਏ ਤਿੰਨ ਹਥਿਆਰਬੰਦ ਨੌਜਵਾਨਾਂ ਨੇ 3.66 ਲੱਖ ਰੁਪਏ ਲੁੱਟ ਲਏ ਤੇ ਫ਼ਰਾਰ ਹੋ ਗਏ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਪਤਾ ਲੱਗਾ ਹੈ ਕਿ ਇਸਵਾਰਦਾਤ ਲਈ ਵਰਤਿਆ ਮੋਟਰਸਾਈਕਲ ਮੋਗਾ ਰਜਿਸਟਰੇਸ਼ਨ ਅਥਾਰਟੀ ਦੇ ਕੋਲ ਹੀ ਰਜਿਸਟਰਡ ਹੈ।



ਇਸ ਵਾਰਦਾਤ ਦੀ ਸੂਚਨਾ ਮਿਲਦੇ ਸਾਰ ਏ ਐਸ ਪੀ ਨਿਹਾਲ ਸਿੰਘ ਵਾਲਾ ਓਥੇ ਪੁੱਜੇ, ਉਨ੍ਹਾਂ ਬਰਾਂਚ ਮੈਨੇਜਰ ਤੇ ਸੁਰੱਖਿਆ ਗਾਰਡ ਤੋਂ ਪੁੱਛਗਿੱਛ ਕੀਤੀ। ਪ੍ਰਾਪਤ ਵੇਰਵਿਆਂ ਅਨੁਸਾਰ ਕਾਲੇ ਰੰਗ ਦੇ ਪਲਸਰ ਮੋਟਰਸਾਈਕਲ ਉਤੇ ਤਿੰਨ ਨੌਜਵਾਨਾਂ ਦੇ ਮਾਸਕ ਲੱਗਾ ਹੋਇਆ ਸੀ। ਉਨ੍ਹਾਂ ਬਰਾਂਚਵਿੱਚ ਆ ਕੇ ਸੁਰੱਖਿਆ ਗਾਰਡ ਨੂੰ ਧੱਕਾ ਮਾਰ ਕੇ ਸੁੱਟਿਆ ਤਏ ਉਸ ਦੀ 12 ਬੋਰ ਬੰਦੂਕ ਖੋਹ ਲਈ। ਲੁਟੇਰਿਆਂ ਨੇ ਬਰਾਂਚ ਮੈਨੇਜਰ, ਕੈਸ਼ੀਅਰ ਤੇ ਸੇਵਾਦਾਰ ਨੂੰ ਹਥਿਆਰ ਦਿਖਾ ਕੇ ਹੱਥ ਖੜ੍ਹੇ ਕਰਵਾਏ ਅਤੇ ਡੀ ਵੀ ਆਰ ਦੀਆਂ ਤਾਰਾਂ ਕੱਟ ਦਿੱਤੀਆਂ ਅਤੇ 3.66 ਲੱਖ ਰੁਪਏ ਲੁੱਟ ਕੇ ਫ਼ਰਾਰ ਹੋ ਗਏ।

## ਹਾਈ ਕੋਰਟ ਨੇ ਸਮਾਜ ਦੀ ਰੂੜ੍ਹੀਵਾਦੀ ਸੋਚ ਨੂੰ ਬਦਲਣ ਨੂੰ ਕਿਹਾ

ਚੰਡੀਗੜ੍ਹ, 1 ਮਾਰਚ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕਿਹਾ ਕਿ ਸਮਾਂ ਤੇਜ਼ੀ ਨਾਲ ਬਦਲ ਰਿਹਾ ਹੈ, ਇਸ ਲਈ ਰੂੜ੍ਹੀਵਾਦੀ ਸਮਾਜ ਦੇ ਸਿਧਾਂਤਾਂ ਦੇ ਉਨ੍ਹਾਂ ਦ੍ਰਿਸ਼ਟੀਕੋਣਾਂ ਨੂੰ ਬਦਲਣ ਦੀ ਲੋੜ ਹੈ ਜੋ ਧਰਮਾਂ ਵੱਲੋਂ ਸਥਾਪਤ ਨੈਤਿਕਤਾ ਦੀਆਂ ਮਜ਼ਬੂਤ ਤਾਰਾਂ ਨਾਲ ਬੰਨ੍ਹੇ ਹੋਏ ਹਨ ਤੇ ਮੁੱਲਾਂ ਨੂੰ ਮਨੁੱਖੀ ਜੀਵਨ ਤੋਂ ਉਪਰ ਮੰਨਦੇ ਹਨ।




ਹਾਈ ਕੋਰਟ ਦੇ ਜਸਟਿਸ ਅਨੂਪ ਚਿਤਕਾਰ ਨੇ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਰਹਿੰਦੇ ਫਾਜ਼ਿਲਕਾ ਵਾਸੀ ਪੁਰਸ਼ ਤੇ ਉਸ ਦੀ ਲਿਵ-ਇਨ ਪਾਰਟਰਨਰ ਵਿਆਹੁਤਾ ਔਰਤ ਵੱਲੋਂ ਦਾਇਰ ਸੁਰੱਖਿਆ ਦੀ ਮੰਗ ਵਾਲੀ ਪਟੀਸ਼ਨ ਉੱਤੇ ਉਕਤ ਟਿੱਪਣੀ ਦਿੱਤੀ। ਔਰਤ ਨੇ ਪਤੀ ਅਤੇ ਆਪਣੇ ਰਿਸ਼ਤੇਦਾਰਾਂ ਤੋਂ ਜਾਨ ਦਾ ਖ਼ਤਰਾ ਦੱਸ ਕੇ ਸੁਰੱਖਿਆ ਦੀ ਮੰਗ ਕਰਦਿਆਂ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ। ਅਦਾਲਤ ਨੇ ਕਿਹਾ ਕਿ ਭਾਰਤ ਵਿੱਚਹਰ ਵਿਅਕਤੀ ਨੂੰ ਭਾਰਤੀ ਸੰਵਿਧਾਨ ਦੀ ਧਾਰਾ 21 ਹੇਠ ਜੀਵਨ ਜੀਉਣ ਦਾ ਮੌਲਿਕ ਅਧਿਕਾਰ ਹੈ ਅਤੇ ਸਟੇਟ ਜੀਵਨ ਦੀ ਰਾਖੀ ਲਈ ਵਚਨਬੱਧ ਹੈ। ਅਦਾਲਤ ਨੇ ਕਿਹਾ ਕਿ ਸਮੇਂ ਨਾਲ ਤਬਦੀਲੀ ਜ਼ਰੂਰੀ ਹੈ। ਪਟੀਸ਼ਨ ਉੱਤੇ ਸੁਣਵਾਈ ਦੌਰਾਨ ਅਦਾਲਤ ਨੇ ਕਿਹਾ ਕਿ ਜੇ ਪਟੀਸ਼ਨਰਾਂ ਦੀ ਜਾਨ ਨੂੰ ਖ਼ਤਰਾ ਹੋਣ ਦੇ ਖ਼ਦਸ਼ੇ ਦੇ ਦੋਸ਼ ਸਹੀ ਨਿਕਲੇ ਤਾਂ ਇਸ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਹੋ ਸਕਦਾ ਹੈ। ਅਦਾਲਤ ਇਨ੍ਹਾਂ ਦੋਵਾਂ ਦੇ ਸਬੰਧਾਂ ਉੱਤੇ ਜਾਂ ਵਿਆਹ ਦੀ ਵੈਧਤਾ ਉੱਤੇ ਕੋਈ ਫ਼ੈਸਲਾ ਨਹੀਂ ਦੇ ਰਹੀ, ਬਲਕਿ ਉਨ੍ਹਾਂ ਦੇ ਜੀਵਨ ਦੀ ਰੱਖਿਆ ਕਰਨ ਦੇ ਆਪਣੇ ਮੌਲਿਕ ਕਰਤੱਵ ਦੀ ਪਾਲਣਾ ਕਰ ਰਹੀ ਹੈ।

## ਪਤੀ ਤੋਂ ਪ੍ਰੇਸ਼ਾਨ ਨਵ-ਵਿਆਹੁਤਾ ਵੱਲੋਂ ਖ਼ੁਦਕੁਸ਼ੀ

ਪਠਾਨਕੋਟ, 1 ਮਾਰਚ (ਪੋਸਟ ਬਿਊਰੋ)- ਅਜੇ ਚਾਅ ਵੀ ਪੂਰੇ ਨਹੀਂ ਹੋਏ ਸਨ ਕਿ 21 ਦਿਨ ਪਹਿਲਾਂ ਲਾਲ ਚੂੜਾ ਪਹਿਨੀ ਵਿਆਹੀ ਆਈ ਲੜਕੀ ਨੇ ਪਤੀ ਤੋਂ ਪ੍ਰੇਸ਼ਾਨ ਹੋ ਕੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕਾ ਦੀ ਪਛਾਣ ਸ਼ਾਇਨਾ (30) ਪਤਨੀ ਗੌਰਵ ਗਰਗ ਵਾਸੀ ਗਰੀਨ ਐਵੀਨਿਊ, ਪਠਾਨਕੋਟ ਵਜੋਂ ਹੋਈ ਹੈ। ਥਾਣਾ ਡਵੀਜ਼ਨ ਨੰਬਰ 2 ਦੀ ਪੁਲਸ ਨੇ ਪਤੀ ਖ਼ਿਲਾਫ਼ ਧਾਰਾ 306 ਦਾ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਸੁਨੀਲ ਕਨੋਤਰਾ ਨੇ ਪੁਲਸ ਨੂੰ ਦੱਸਿਆ ਕਿ ਉਸਦੀ ਲੜਕੀ ਸ਼ਾਇਨਾ ਦਾ ਵਿਆਹ ਇਸ ਮਹੀਨੇ ਸੱਤ ਫਰਵਰੀ ਨੂੰ ਗੌਰਵ ਗਰਗ ਪੁੱਤਰ ਵਿਨੋਦ ਗਰਗ ਵਾਸੀ ਗਰੀਨ ਐਵੀਨਿਊ ਪਠਾਨਕੋਟ ਨਾਲ ਹਿੰਦੂ ਰੀਤੀ ਰਿਵਾਜ਼ ਮੁਤਾਬਕ ਹੋਇਆ ਸੀ। ਵਿਆਹ ਤੋਂ ਬਾਅਦ ਉਸ ਦੀ ਲੜਕੀ ਪ੍ਰੇਸ਼ਾਨ ਰਹਿਣ ਲੱਗ ਪਈ। ਉਸ ਦੀ ਲੜਕੀ ਨੇ ਉਸ ਨੂੰ ਦੱਸਿਆ ਕਿ ਉਸਦਾ ਪਤੀ ਅਕਸਰ ਉਸ ਨੂੰ ਤਾਹਨੇ ਮਾਰਦਾ ਤੇ ਉਸ ਦੀ ਹਰ ਗੱਲ ਨੂੰ ਮਾੜੇ ਅਰਥਾਂ ਵਿੱਚ ਲੈਂਦਾ ਹੈ। ਪਰਸੋਂ 27 ਫਰਵਰੀ ਨੂੰ ਕਰੀਬ 1.09 ਵਜੇ ਉਸ ਨੂੰ ਉਸ ਦੇ ਜੁਆਈ ਦਾ ਫੋਨ ਆਇਆ ਅਤੇ ਉਸ ਨੇ ਕਿਹਾ ਕਿ ਸ਼ਾਇਨਾ ਨੇ ਫਾਹਾ ਲੈ ਲਿਆ ਹੈ, ਤੁਸੀਂ ਜਲਦੀ ਪੁੱਜੋ। ਉਹ ਆਪਣੇ ਲੜਕੇ ਦਿਪਾਂਸ਼ੂ ਨਾਲ ਲੜਕੀ ਦੇ ਸਹੁਰੇ ਘਰ ਪੁੱਜਾ, ਤਾਂ ਕਮਰੇ ਵਿੱਚ ਉਸ ਦੀ ਲੜਕੀ ਮ੍ਰਿਤਕ ਹਾਲਤ ਵਿੱਚ ਬੈਡ ਉੱਤੇ ਪਈ ਸੀ।

## ਪਾਕਿਸਤਾਨ ਨੇ ਭਾਰਤੀ ਫ਼ੌਜ ਪ੍ਰਤੀ ਨਫ਼ਰਤ ਫੈਲਾਉਣ ਲਈ ਕਰਤਾਰਪੁਰ ਵਿਖੇ ਨੁਮਾਇਸ਼ ’ਚ ਰੱਖਿਆ ਬੰਬ ਦਾ ਖੋਲ੍ਹ

### -ਪ੍ਰਧਾਨ ਮੰਤਰੀ ਮੋਦੀ ਖੋਲ੍ਹ ਨੂੰ ਤੁਰੰਤ ਹਟਾਉਣ ਲਈ ਇਮਰਾਨ ਖ਼ਾਨ ਨਾਲ ਗਲ ਕਰਨ: ਪ੍ਰੋ: ਖਿਆਲਾ

ਅੰਮ੍ਰਿਤਸਰ, 1 ਮਾਰਚ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣੇ ਪਾਕਿਸਤਾਨੀ ਹਮਰੁਤਬਾ ਇਮਰਾਨ ਖ਼ਾਨ ਨਾਲ ਵਿਸ਼ਵ ਪ੍ਰਸਿੱਧ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਬਿਨਾ ਸਬੂਤ ਭਾਰਤੀ ਫ਼ੌਜ ਤੋਹਮਤ ’ਤੇ ਲਾ ਕੇ ਨਫ਼ਰਤ ਫੈਲਾਉਣ ਲਈ ਨੁਮਾਇਸ਼ ’ਚ ਰੱਖੇ ਗਏ ਬੰਬ ਦੇ ਖੋਲ੍ਹ ਨੂੰ ਤੁਰੰਤ ਹਟਾਉਣ ਲਈ ਗੱਲਬਾਤ ਕਰਨ ਦੀ ਅਪੀਲ ਕਰਦਿਆਂ ਪੰਜਾਬ ਦੇ ਭਾਜਪਾ ਆਗੂ ਪ੍ਰੋ: ਸਰਚਾਂਦ ਸਿੰਘ ਭੰਗੂ ਖਿਆਲਾ ਨੇ ਕਿਹਾ ਕਿ ਬੰਬ ਦੇ ਖੋਲ੍ਹ ਨੂੰ ਲੈ ਕੇ ਪਾਕਿਸਤਾਨ ਵੱਲੋਂ ਕੀਤੇ ਜਾ ਰਹੇ ਕੂੜ ਅਤੇ ਬੇ ਬੁਨਿਆਦ ਪ੍ਰਚਾਰ ਤੋਂ ਭਾਰਤੀ ਯਾਤਰੂਆਂ ਅਤੇ ਸਿੱਖ ਸ਼ਰਧਾਲੂਆਂ ਵਿਚ ਭਾਰੀ ਨਾਰਾਜ਼ਗੀ ਪਾਈ ਜਾ ਰਹੀ ਹੈ।




ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਪ੍ਰੋ: ਖਿਆਲਾ ਨੇ ਕਿਹਾ ਕਿ ਭਾਵੇਂ ਪਾਕਿਸਤਾਨੀ ਪ੍ਰਧਾਨ ਮੰਤਰੀ ਕਰਤਾਰਪੁਰ ਦੇ ਲਾਂਘੇ ਨੂੰ ਮੁਹੱਬਤ ਦੀ ਰਾਹਦਾਰੀ ਅਤੇ ਅਮਨ ਦਾ ਪੁਲ ਆਦਿ ਵਿਸ਼ੇਸ਼ਣ ਦੇਵੇ ਪਰ ਦਰ ਹਕੀਕਤ ਇਹ ਹੀ ਹੈ ਕਿ ਉਹ ਨਫ਼ਰਤ ਭੜਕਾਉਣ ਦੀ ਦਿਸ਼ਾ ’ਚ ਅੱਗੇ ਵੱਧ ਰਹੇ ਹਨ। ਪਾਕਿਸਤਾਨ ਵੱਲੋਂ ਸਿੱਖ ਸੰਗਤਾਂ ਨੂੰ ਗੁਮਰਾਹ ਕਰਨ ਅਤੇ ਸਿੱਖ ਮਨਾਂ ’ਚ ਨਫ਼ਰਤ ਪੈਦਾ ਕਰਨ ਦੇ ਮਕਸਦ ਨਾਲ ਜ਼ਿਲ੍ਹਾ ਨਾਰੋਵਾਲ ਦੇ ਪਿੰਡ ਸ਼ਕਰਗੜ੍ਹ ’ਚ ਗੁ: ਸ੍ਰੀ ਦਰਬਾਰ ਸਾਹਿਬ ਕਰਤਾਰ-ਪੁਰ ਸਾਹਿਬ ਦੇ ਬਾਹਰ ਮਜ਼ਾਰ ਸਾਹਿਬ ਦੇ ਨਾਲ ਮੌਜੂਦ ਇਕ ਖੂਹ ਦੇ ਕੋਲ ਕਰੀਬ ਪੰਜ ਫੁੱਟ ਉੱਚੀ ਬੁਰਜੀ ’ਤੇ ਸ਼ੀਸ਼ੇ ਦੇ ਸ਼ੋਅਕੇਸ ’ਚ ਪ੍ਰਦਰਸ਼ਿਤ ਬੰਬ (ਗੋਲੇ) ਦਾ ਖੋਲ੍ਹ ਗੁ: ਕਰਤਾਰਪੁਰ ਦਰਸ਼ਨਾਂ ਲਈ ਆਉਣ ਵਾਲੀਆਂ ਸਿੱਖ ਸੰਗਤਾਂ ਦੀਆਂ ਖ਼ੁਸ਼ੀਆਂ ਦੇ ਰੰਗ ’ਚ ਭੰਗ ਪਾ ਰਿਹਾ ਹੈ। ਇਸ ਸੂਚਨਾ ਬੋਰਡ ’ਤੇ ਗੁਰਮੁਖੀ, ਸ਼ਾਹਮੁਖੀ ਅਤੇ ਅੰਗਰੇਜ਼ੀ ’ਚ ਲਿਖਤੀ ਤੌਰ ’ਤੇ ਭਾਰਤੀ ਫ਼ੌਜ ਨੂੰ ਸਿੱਖ ਵਿਰੋਧੀ ਅਤੇ ’71 ਦੀ ਜੰਗ ਸਮੇਂ ਯੋਜਨਾ ਤਹਿਤ ਗੁਰਦੁਆਰਾ ਸਾਹਿਬ ’ਤੇ ਹਮਲਾ ਕਰਨ ਵਾਲੀ ਦੱਸਿਆ ਗਿਆ। ਬੋਰਡ ’ਤੇ ‘ਅਕਾਲ ਪੁਰਖ ਵਾ-ਹਗੁਰੂ ਜੀ ਦੀ ਸੱਚੀ ਕਰਾਮਾਤ’ ਸਿਰਲੇਖ ਹੇਠ ਝੂਠਾ ਦਾਅਵਾ ਕੀਤਾ ਗਿਆ ਹੈ ਕਿ ‘‘ਇਹ ਗੋਲਾ (ਬੰਬ) ਭਾਰਤੀ ਹਵਾਈ ਸੈਨਾ ਨੇ ਸੰਨ 1971 ਦੀ ਜੰਗ ਵੇਲੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰ-ਪੁਰ ਸਾਹਿਬ ਨੂੰ ਤਬਾਹ ਕਰਨ ਲਈ ਸੁੱਟਿਆ ਸੀ। ਅਕਾਲ ਪੁਰਖ ਵਾ-ਹਗੁਰੂ ਦੀ ਖ਼ਾਸ ਰਹਿਮਤ ਸਦਕਾ ਇਹ ਗੋਲਾ ਸ੍ਰੀ ਖੂਹ ਸਾਹਿਬ ਨੇ ਆਪਣੀ ਪਵਿੱਤਰ ਗੋਦ ’ਚ ਲੈ ਲਿਆ ਅਤੇ ਬਾਬਾ ਗੁਰੂ ਨਾਨਕ ਦੇਵ ਜੀ ਯਾਦਗਾਰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ$ਸਮਾਧ (ਮਜ਼ਾਰ) ਸਾਹਿਬ ਨੂੰ ਤਬਾਹ ਹੋਣ ਤੋਂ ਬਚਾ ਲਿਆ।’’ ਪਾਕਿਸਤਾਨ ਵੱਲੋਂ ਉਕਤ ਬੰਬ ਦਾ ਖੋਲ੍ਹ ਸੰਨ 1971 ਦੀ ਜੰਗ ਤੋਂ ਲੰਬਾ ਸਮਾਂ ਬਾਅਦ ਖੂਹ ਦੀ ਸਫ਼ਾਈ ਦੌਰਾਨ ਮਿਲਣ ਦਾ ਦਾਅਵਾ ਕੀਤਾ ਗਿਆ ਹੈ। ਪਰ ਵਾਸਤਵ ਵਿਚ ਪਾਕਿਸਤਾਨ ਦੀ ਉਕਤ ਬੰਬ ਬਾਰੇ ਬਣਾਈ ਗਈ ਮਨਘੜਤ ਕਹਾਣੀ ਦਾ ਕੋਈ ਵਜੂਦ ਨਹੀਂ । ਸਚਾਈ ਇਹ ਹੈ ਕਿ ਪਾਕਿਸਤਾਨ ਵੱਲੋਂ ਸਿੱਖ ਸੰਗਤਾਂ ਦੀ ਮਾਨਸਿਕਤਾ ’ਚ ਭਾਰਤ ਖਿਲਾਫ ਨਫ਼ਰਤ ਪੈਦਾ ਕਰਨ ਦੀ ਇਕ ਸੋਚੀ ਸਮਝੀ ਸਾਜ਼ਿਸ਼ ਤਹਿਤ ਝੂਠੀ ਕਹਾਣੀ ਜੰਗ ਤੋਂ ਬਾਅਦ ਘੜ ਲਈ ਗਈ ਸੀ।

ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਦੋਹਾਂ ਦੇਸ਼ਾਂ ’ਚ ਅਮਨ ਸ਼ਾਂਤੀ, ਸਦਭਾਵਨਾ, ਆਪਸੀ ਭਾਈਚਾਰਕ ਸਾਂਝ ਦੀ ਮਜ਼ਬੂਤੀ ਅਤੇ ਨਵੀਆਂ ਸਾਂਝਾਂ ਨੂੰ ਉਤਸ਼ਾਹਿਤ ਕਰਨ ਲਈ ਸਿੱਖ ਭਾਵਨਾਵਾਂ ਨੂੰ ਧਿਆਨ ’ਚ ਰੱਖਿਆ ਜਾਣਾ ਚਾਹੀਦਾ ਹੈ। ਅਤੇ ਉਕਤ ਬੰਬ ਦੇ ਖੋਲ ਨੂੰ ਉਥੋਂ ਤੁਰੰਤ ਹਟਾਇਆ ਜਾਣਾ ਚਾਹੀਦਾ ਹੈ।

### ਏਜੰਟਾਂ ਦਾ ਕਾਰਨਾਮਾ :

## ਅੰਗਰੇਜ਼ੀ ਵਿੱਚ ਕਮਜ਼ੋਰ ਸੈਂਕੜੇ ਵਿਦਿਆਰਥੀਆਂ ਨੂੰ ਯੂਕ੍ਰੇਨੀ ਭਾਸ਼ਾ ਦੇ ਲਈ ਯੂਕ੍ਰੇਨ ਭੇਜਿਆ




ਜਲੰਧਰ, 1 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਾਰ ਦੌਰਾਨ ਪੰਜਾਬ ਦੇ ਕੁਝ ਟਰੈਵਲ ਏਜੰਟਾਂ ਨੇ ਜੇਬਾਂ ਭਰਨ ਲਈ ਅੰਗਰੇਜ਼ੀ ਵਿੱਚ ਕਮਜ਼ੋਰ ਭਾਰਤੀ ਵਿਦਿਆਰਥੀਆਂ ਨੂੰ ਯੂਕ੍ਰੇਨ ਭੇਜਣ ਲਈ ਇਸ਼ਤਿਹਾਰਬਾਜ਼ੀ ਦੀ ਖੇਡ ਸ਼ੁਰੂ ਕੀਤੀ ਸੀ, ਜਿਸ ਵਿੱਚ ਆਮ ਤੌਰ ਉੱਤੇਲਿਖਿਆ ਹੁੰਦਾ ਸੀ, ‘‘ਸਟੱਡੀ ਇਨ ਯੂਕ੍ਰੇਨ, ਸਟੱਡੀ ਗੈਪ ਅਪ ਟੂ 10 ਯੀਅਰ, ਆਈਲੈਟ ਦੀ ਲੋੜ ਨਹੀਂ, ਖਰਚਾ ਸਿਰਫ ਤਿੰਨ ਤੋਂ ਪੰਜ ਲੱਖ ਰੁਪਏ।''

ਕਈ ਲੋਕ ਇਨ੍ਹਾਂ ਟਰੈਵਲ ਕਾਰੋਬਾਰੀਆਂ ਦੇ ਝਾਂਸੇ ਵਿੱਚ ਫਸ ਗਏ। ਆਮ ਤੌਰ ਉੱਤੇ ਪੜ੍ਹਾਈ ਲਈ ਕੈਨੇਡਾ, ਯੂ ਕੇ ਤੇ ਹੋਰ ਕਈ ਦੇਸ਼ਾਂ ਵਿੱਚ ਜਾਣ ਦੇ ਚਾਹਵਾਨ ਵਿਦਿਆਰਥੀਆਂ ਲਈ ਆਈਲੈਟਸ ਪਾਸ ਕਰਨਾ ਜ਼ਰੂਰੀ ਹੁੰਦਾਹੈ। ਇਸ ਕਾਰਨ ਅੰਗਰੇਜ਼ੀ ਵਿੱਚ ਕਮਜ਼ੋਰ ਵਿਦਿਆਰਥੀ ਯੂਕ੍ਰੇਨ ਦੀ ਇਸ਼ਤਿਹਾਰਬਾਜ਼ੀ ਦੇਖ ਕੇ ਇਨ੍ਹਾਂ ਟਰੈਵਲ ਏਜੰਟਾਂ ਦੇ ਹੱਥੇ ਚੜ੍ਹ ਗਏ। ਉਨ੍ਹਾਂ ਨੂੰ ਯੂਕ੍ਰੇਨ ਜਾ ਕੇ ਉਥੋਂ ਯੂਰਪ ਜਲਦੀਭੇਜਣ ਦਾ ਝਾਂਸਾ ਦਿੱਤਾ ਜਾਂਦਾ ਸੀ। ਇਸਨਾਲ ਪੰਜਾਬ ਦੇ ਕਈ ਟਰੈਵਲ ਏਜੰਟਾਂ ਨੇ ਅੰਗਰੇਜ਼ੀ ਵਿੱਚ ਕਮਜ਼ੋਰ ਵਿਦਿਆਰਥੀਆਂ ਨੂੰ ਅੱਠ ਮਹੀਨੇ ਦਾ ਲੈਂਗੂਏਜ ਕੋਰਸ ਭਾਵ ਯੂਕ੍ਰੇਨੀ ਭਾਸ਼ਾ ਸਿੱਖਣ ਲਈ ਤਿੰਨ ਤੋਂ ਪੰਜ ਲੱਖ ਤਕ ਦੇ ਪੈਕੇਜ ਕੱਢ ਦਿੱਤੇ। ਜਾਣਕਾਰ ਸੂਤਰਾਂ ਮੁਤਾਬਕ ਯੂਕ੍ਰੇਨੀ ਭਾਸ਼ਾ ਸਿੱਖਣ ਲਈ ਵਿਦਿਆਰਥੀਆਂ ਦਾ ਖਰਚਾ ਸਿਰਫ 70 ਤੋਂ 75 ਹਜ਼ਾਰ ਰੁਪਏ ਸੀ, ਪਰ ਉਕਤ ਟਰੈਵਲ ਏਜੰਟ ਆਪਣੀਆਂ ਜੇਬਾਂ ਭਰਨ ਲਈ ਵਿਦਿਆਰਥੀਆਂ ਕੋਲੋਂ 5-5 ਲੱਖ ਤਕ ਵਸੂਲ ਕੇ ਉਨ੍ਹਾਂ ਨੂੰ ਯੂਕ੍ਰੇਨ ਭੇਜਦੇ ਰਹੇ।

ਦੱਸਿਆ ਜਾਂਦਾ ਹੈ ਕਿ ਵਧੇਰੇ ਅੰਗਰੇਜ਼ੀ ਦੇ ਕਮਜ਼ੋਰ ਵਿਦਿਆਰਥੀ ਯੂਕ੍ਰੇਨੀ ਭਾਸ਼ਾ ਦਾ ਕੋਰਸ ਕਰਨ ਵਿੱਚ ਸਫਲ ਨਹੀਂ ਹੁੰਦੇ, ਜਿਸ ਕਾਰਨ ਫੇਲ ਹੋਣ ਉੱਤੇ ਉਨ੍ਹਾਂ ਨੂੰ ਜਾਂ ਆਪਣੇ ਦੇਸ਼ ਮੁੜਨਾ ਪੈਂਦਾ ਸੀ ਜਾਂ ਦੁਬਾਰਾ ਲੈਂਗੁਏਜ ਕੋਰਸ ਦੇ ਲਈ ਫੀਸ ਜਮ੍ਹਾ ਕਰਵਾਉਣੀ ਪੈਂਦੀ ਸੀ। ਕਈ ਵਿਦਿਆਰਥੀ ਫਰਜ਼ੀ ਏਜੰਟਾਂ ਦੇ ਹੱਥੇ ਚੜ੍ਹ ਕੇ ਯੂਕ੍ਰੇਨ ਤੋਂ ਯੂਰਪ ਜਾਣ ਦੀ ਕੋਸ਼ਿਸ਼ ਕਰਦੇ ਸਨ। ਬਸ ਇਸ ਗੱਲ ਦਾ ਫਾਇਦਾ ਪੰਜਾਬ ਦੇ ਕੁਝ ਟਰੈਵਲ ਕਾਰੋਬਾਰੀਆਂ ਨੇ ਖ਼ੂਬ ਉਠਾਇਆ।

## ਸ੍ਰੀ ਗੁਰੂ ਨਾਨਕ ਦੇਵ ਜੀ ਲੋਕ ਸੇਵਾ ਸੁਸਾਇਟੀ ਹਾਂਸਕਲਾਂ ਵਲੋਂ 17ਵਾਂ ਧੀਆਂ ਦੀ ਲੋਹੜੀ ਸਮਾਗਮ

ਹਾਂਸਕਲਾਂ(ਲੁਧਿਆਣਾ),1 ਮਾਰਚ (ਗਿਆਨ ਸਿੰਘ)- ਸ੍ਰੀ ਗੁਰੂ ਨਾਨਕ ਦੇਵ ਜੀ ਲੋਕ ਸੇਵਾ ਸੁਸਾਇਟੀ ਹਾਂਸ ਕਲਾਂ (ਲੁਧਿਆਣਾ) ਦੇ ਚੇਅਰਮੈਨ ਬੂਟਾ ਸਿੰਘ ਹਾਂਸ ਅਤੇ ਸਮੂਹ ਸੇਵਾ ਸੁਸਾਇਟੀ ਮੈਂਬਰਾਂ ਵਲੋਂ 12ਵਾਂ ਧੀਆਂ ਦੀ ਲੋਹੜੀ ਸਮਾਗਮ ਆਯੋਜਿਤ ਕੀਤਾ ਗਿਆ। ਇਸ ਲੋਹੜੀ ਦੇ ਸਮਾਗਮ ਵਿੱਚ ਬਤੌਰ ਮੁੱਖ-ਮਹਿਮਾਨ ਸ ਅਮਰੀਕ ਸਿੰਘ ਤਲਵੰਡੀ ਨੈਸ਼ਨਲ ਅਵਾਰਡੀ ਨੂੰ ਸ਼ਾਮਿਲ ਹੋਣ ਦਾ ਮੌਕਾ ਮਿਲਿਆ ।ਇਹ ਸਮਾਗਮ ਕਰੋਨਾ ਪਾਬੰਦੀਆਂ ਕਾਰਨ ਚੋਣਾਂ ਲੰਘਣ ਉਪਰੰਤ ਰੱਖਿਆ ਗਿਆ। ਇਸ ਵਿਲੱਖਣ ਕਿਸਮ ਦੇ ਸ਼ਾਨਦਾਰ ਸਮਾਗਮ ਵਿੱਚ 30 ਧੀਆਂ ਦੀ ਬਹੁਤ ਹੀ ਸ਼ਾਨਦਾਰ ਢੰਗ ਨਾਲ ਲੋਹੜੀ ਮਨਾਈ ਗਈ। ਸਾਰੀਆਂ ਧੀਆਂ ਨੂੰ ਸੁਸਾਇਟੀ ਵੱਲੋਂ ਪੜ੍ਹਾਈ ਦਾ ਖ਼ਰਚਾ ਕਰਨ ਲਈ ਰਕਮ ਫਿਕਸ ਡਿਪਾਜਟ ਕਰਾਕੇ ਐਫ.ਡੀਆਂ. ਦਿੱਤੀਆਂ ਅਤੇ ਗਰੀਬ ਲੋੜਵੰਦ ਹੋਣਹਾਰ ਧੀਆਂ ਦੀ ਪੜ੍ਹਾਈ ਦਾ ਸਾਰਾ ਖਰਚਾ ਵੀ ਸੁਸਇਟੀ ਵੱਲੋਂ ਕਰਨ ਦਾ ਫੈਸਲਾ ਕੀਤਾ ਗਿਆ।



ਸਕੂਲੀ ਬੱਚਿਆਂ ਨੇ ਸ਼ਾਨਦਾਰ ਸਭਿਆਚਾਰਕ ਪਰੋਗ੍ਰਾਮ ਵੀ ਪੇਸ਼ ਕੀਤਾ। ਇਸ ਮੌਕੇ ਵਿਦਵਾਨ ਬੁਲਾਰਿਆਂ ਨੇ ਸਿੱਖਿਆ ਦੇ ਮਹੱਤਵਪੂਰਨ ਵਿਸ਼ੇ ਤੇ ਆਪਣੇ ਭਾਵਪੂਰਤ ਵਿਚਾਰ ਪੇਸ਼ ਕੀਤੇ। ਸ ਤਲਵੰਡੀ ਨੇ ਸੰਬੋਧਨ ਕਰਦਿਆ ਨਸ਼ੇ,ਦਾਜ ਤੇ ਫਾਲਤੂ ਖ਼ਰਚਿਆਂ ਤੋਂ ਬਚਣ ਅਤੇ ਕਿਤਾਬਾਂ ਨਾਲ ਜੁੜਨ ਦੀ ਪ੍ਰੇਰਨਾ ਕੀਤੀ।ਇਸ ਮੌਕੇ ਸਕੂਲ ਵਿਦਿਆਰਥੀਆਂ ਨੇ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਗੀਤ, ਸਕਿੱਟ ਪੇਸ਼ ਕੀਤੇ । ਇਸ ਮੌਕੇ ਸ ਬੂਟਾ ਸਿੰਘ ਹਾਂਸ ਚੇਅਰਮੈਨ , ਸ ਜਰਨੈਲ ਸਿੰਘ ਗਿੱਲ ਪ੍ਰਧਾਨ, ਸ ਬਲਜਿੰਦਰ ਸਿੰਘ , ਡਾ ਸੁਰਜੀਤ ਸਿੰਘ, ਸ ਜਰਮਨ ਸਿੰਘ ,ਸ ਬਲਬੀਰ ਸਿੰਘ, ਸ ਬਾਵਾ ਸਿੰਘ, ਸ ਸੁਖਵਿੰਦਰ ਸਿੰਘ ਅਤੇ ਬੀਬੀ ਬਲਦੇਵ ਕੌਰ ਨੇ ਮੁੱਖ ਮਹਿਮਾਨ ਸ ਅਮਰੀਕ ਸਿੰਘ ਤਲਵੰਡੀ ਦਾ ਸੇਵਾ ਸੁਸਾਇਟੀ ਵਲੋਂ ਸਨਮਾਨਤ ਕੀਤਾ।ਡਾ:ਸੁਰਜੀਤ ਸਿੰਘ ਨੇ ਸਟੇਜ ਸਕੱਤਰ ਦੇ ਫਰਜ਼ ਬਾਖੂਬੀ ਨਿਭਾਏ।ਅੰਤ ਵਿੱਚ ਸ:ਬੂਟਾ ਸਿੰਘ ਹਾਂਸ ਨੇ ਸਭ ਦਾ ਧੰਨਵਾਦ ਕੀਤਾ ।ਇਸ ਮੌਕੇ ਸ ਦਿਲਬਾਗ ਸਿੰਘ ਮੇਲਕ ਕੰਗਾ,ਪ੍ਰਿੰਸੀਪਲ ਭੁਪਿਦਰ ਕੌਰ,ਸ ਪ੍ਰਭਜੋਤ ਸਿੰਘ ਸੋਹੀ,ਸ ਨਛੱਤਰ ਸਿੰਘ,ਸ ਗੁਲਵਿੰਦਰ ਸਿੰਘ,ਜੱਥੇਦਾਰ ਸੁਖਚੈਨ ਸਿੰਘ, ਸ ਸੁਖਵਿੰਦਰ ਸਿੰਘ ਪੰਮਾ, ਸ ਬਲਵੀਰ ਸਿੰਘ, ਮਾਸਟਰ ਬਲਜਿੰਦਰ ਸਿੰਘ, ਫਲਵਿੰਦਰ ਸਿੰਘ , ਸ ਹਰਕੰਵਲਜੀਤ ਸਿੰਘ, ਸ ਬਾਵਾ ਸਿੰਘ,ਸ ਛਾਂਗਾ ਸਿੰਘ,ਸ ਤਰਲੋਕ ਸਿੰਘ ਅਤੇ ਸ ਭਗਵੰਤ ਸਿੰਘ ਮੌਜੂਦ ਸਨ। ਇਸ ਪਵਿੱਤਰ ਤੇ ਮਹੱਤਵਪੂਰਨ ਕਾਰਜ ਲਈ ਸੁਸਾਇਟੀ ਵਧਾਈ ਦੀ ਪਾਤਰ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਜਰਮਨੀ ਵੱਲੋਂ ਵਿਸ਼ੇਸ਼ ਹਥਿਆਰਬੰਦ ਫੋਰਸ ਉੱਤੇ 100 ਅਰਬ ਯੂਰੋ ਖ਼ਰਚਣ ਦਾ ਐਲਾਨ



ਮਾਨਹਾਈਮ, 1 ਮਾਰਚ (ਪੋਸਟ ਬਿਊਰੋ)- ਜਰਮਨੀ ਨੇ ਯੂਕਰੇਨ ਸੰਕਟ ਦੌਰਾਨ ਆਪਣੇ ਰੱਖਿਆ ਖ਼ਰਚ ਨੂੰ ਜੀ ਡੀ ਪੀ ਦੇ ਦੋ ਫੀਸਦੀ ਤੋਂ ਉਪਰ ਰੱਖਣ ਦੀ ਗੱਲ ਕਹੀ ਹੈ।

ਇਸ ਸੰਬੰਧ ਵਿੱਚ ਜਰਮਨੀ ਦੇ ਚਾਂਸਲਰ ਓਲਾਫ ਸ਼ੋਲਜ਼ ਨੇ ਪਾਰਲੀਮੈਂਟ ਦੀ ਵਿਸ਼ੇਸ਼ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਰਮਨ ਫ਼ੌਜ ਨੂੰ ਵਿਸ਼ੇਸ਼ ਹਥਿਆਰਬੰਦ ਕਰਨ ਲਈ 100 ਅਰਬ ਯੂਰੋ ਖ਼ਰਚਾ ਕੀਤਾ ਜਾਵੇਗਾ। ਪਿਛਲੇ ਕਈ ਦਹਾਕਿਆਂ ਬਾਅਦ ਯੂਰਪੀਅਨ ਸੁਰੱਖਿਆ ਨੀਤੀ ਵਿੱਚ ਇਹ ਸਭ ਤੋਂ ਵੱਡਾ ਬਦਲਾਅ ਹੈ। ਮੰਨਿਆ ਜਾਂਦਾ ਹੈ ਕਿ ਇਸ ਦਾ ਕਾਰਨ ਰੂਸ ਦਾ ਯੂਕਰੇਨ ਉੱਤੇ ਹਮਲਾ ਹੈ। ਓਲਾਫ ਸ਼ੋਲਜ਼ ਦਾ ਇਹ ਐਲਾਨ ਯੂਕਰੇਨ ਨੂੰ ਹਥਿਆਰ ਸਪਲਾਈ ਕਰਨ ਦੇ ਫੈਸਲੇ ਦੇ ਕੁਝ ਘੰਟਿਆਂ ਬਾਅਦ ਆਇਆ ਹੈ,ਜੋ ਦਰਸਾਉਂਦਾ ਹੈ ਕਿ ਯੂਕਰੇਨ ਉੱਤੇ ਰੂਸੀ ਹਮਲੇ ਨੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਯੂਰਪ ਦੀ ਸੁਰੱਖਿਆ ਨੀਤੀ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ। ਇਹ ਐਲਾਨ ਅਜਿਹੇ ਸਮੇਂ ਵਿੱਚ ਹੋਇਆ ਹੈ ਜਦੋਂ ਇਜ਼ਰਾਈਲ ਨੇ ਯੁੱਧ ਰੋਕਣਦੀ ਗੱਲਬਾਤ ਲਈ ਆਪਣੇ ਆਪ ਨੂੰ ਵਿਚੋਲੇ ਵਜੋਂ ਪੇਸ਼ ਕੀਤਾ ਹੈ। ਦੂਜੇ ਪਾਸੇ ਯੂਰਪ ਦੀਆਂ ਰਾਜਧਾਨੀਆਂ ਵਿੱਚ ਜੰਗ ਨੂੰ ਖਤਮ ਕਰਨ ਲਈ ਪ੍ਰਦਰਸ਼ਨਾਂ ਦਾ ਰੁਝਾਨ ਵਧ ਰਿਹਾ ਹੈ। ਬਰਲਿਨ ਦੇ ਬਰੈਂਡਨਬਰਗ ਗੇਟ ਉੱਤੇ ਕੱਲ੍ਹ ਹਜ਼ਾਰਾਂ ਲੋਕਾਂ ਨੇ ਇੱਕ ਆਵਾਜ਼ ਵਿੱਚ ਕਿਹਾ 'ਪੁਤਿਨ ਯੂਕਰੇਨ ਤੇ ਦੁਨੀਆ ਨੂੰ ਸ਼ਾਂਤੀ ਨਾਲ ਜੀਉਣ ਦਿਓ'।

# ਯੂਕ੍ਰੇਨ ਦੇ ਲੋਕਾਂ ਲਈ ਬ੍ਰਿਟੇਨ ਨੇ ਆਪਣੇ ਦੇਸ਼ ਦੇ ਦਰਵਾਜ਼ੇ ਖੋਲ੍ਹੇ



ਲੰਡਨ, 1 ਮਾਰਚ (ਪੋਸਟ ਬਿਊਰੋ)- ਯੂਕਰੇਨ ਦੇ ਲੋਕਾਂ ਲਈ ਬ੍ਰਿਟੇਨ ਨੇ ਆਪਣੇ ਦੇਸ਼ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਲੰਡਨ ਦੇ ਯੂਕਰੇਨੀਅਨ ਚਰਚ ਵਿੱਚ ਹੋਏ ਇੱਕ ਸਮਾਗਮ ਵਿੱਚ ਯੁੱਧ ਦੌਰਾਨ ਮਾਰੇ ਗਏ ਲੋਕਾਂ ਲਈ ਪ੍ਰਾਰਥਨਾ ਕੀਤੀ ਅਤੇ ਕਿਹਾ ਕਿ ਯੂ ਕੇ ਦੇ ਬਰਤਾਨਵੀ ਨਾਗਰਿਕ ਆਪਣੇ ਯੂਕਰੇਨ ਵਾਸੀ ਪਰਵਾਰਕ ਮੈਂਬਰਾਂ ਨੂੰ ਇੱਥੇ ਲਿਆ ਸਕਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਯੂ ਕੇ 'ਯੂਕਰੇਨ ਤੋਂ ਇਸ ਮੁਸੀਬਤ ਵਿੱਚ ਪਿੱਠ ਨਹੀਂ ਮੋੜੇਗਾ' ਅਤੇ ਹਰ ਸੰਭਵ ਮਦਦ ਕਰਦਾ ਰਹੇਗਾ।

ਦੂਸਰੇ ਪਾਸੇ ਵਿਰੋਧੀ ਆਗੂ ਨੇ ਕਿਹਾ ਕਿ ਇਹ 'ਸ਼ਰਮਨਾਕ' ਹੈ ਕਿ ਨਿਯਮ ਸਿਰਫ ਕੁਝ ਰਿਸ਼ਤੇਦਾਰਾਂ ਲਈ ਹਨ ਜਦ ਕਿ ਇਨ੍ਹਾਂ ਨਿਯਮਾਂ ਵਿੱਚ ਮਾਪਿਆਂ ਤੇ ਭੈਣਾਂ-ਭਰਾਵਾਂ ਨੂੰ ਬਾਹਰ ਰੱਖਿਆ ਹੈ। ਇਨ੍ਹਾਂ ਵੀਜ਼ਿਆਂ ਲਈ ਜੀਵਨ ਸਾਥੀ ਜਾਂ ਸਿਵਲ ਪਾਰਟਨਰ (ਘੱਟੋ-ਘੱਟ ਦੋ ਸਾਲਾਂ ਦਾ ਅਣਵਿਆਹਿਆ ਸਾਥੀ), 18 ਸਾਲ ਤੋਂ ਘੱਟ ਉਮਰ ਦੇ ਬੱਚੇ, ਮਾਤਾ-ਪਿਤਾ ਜੇ ਉਨ੍ਹਾਂ ਦਾ ਪੋਤਾ-ਪੋਤੀ,ਜੋ 18 ਸਾਲ ਤੋਂ ਘੱਟ ਉਮਰ ਦਾ ਹੈ, ਜਾਂ ਬਾਲਗ ਰਿਸ਼ਤੇਦਾਰ ਜੋ ਉਨ੍ਹਾਂ ਦੀ ਦੇਖਭਾਲ ਕਰਨ ਵਾਲੇ ਹੋਣ, ਅਰਜ਼ੀ ਦੇਣ ਦੇ ਯੋਗ ਹਨ। ਯੂਰਪੀਅਨ ਦੇਸ਼ਾਂ ਨੇ ਯੂਕਰੇਨੀ ਸ਼ਰਨਾਰਥੀਆਂ ਨੂੰ ਬਿਨਾਂ ਸ਼ਰਨ ਲਏ ਤਿੰਨ ਸਾਲਾਂ ਤਕ ਸ਼ਰਨਾਰਥੀ ਵਜੋਂ ਰਹਿਣ ਦਾ ਸਮਰਥਨ ਕੀਤਾ ਹੈ। ਰੱਖਿਆ ਮੰਤਰੀ ਬੇਨ ਵੈਲੇਸ ਨੇ ਕਿਹਾ ਕਿ ਸਰਕਾਰ ਯੂਰਪੀਅਨ ਯੂਨੀਅਨ ਦੀ ਪੇਸ਼ਕਸ਼ ਦਾ ਅਧਿਅਨ ਕਰੇਗੀ ਅਤੇ ਅਗਲੇ ਕਦਮਾਂ ਬਾਰੇ ਫੈਸਲਾ ਕਰੇਗੀ। ਬੌਰਿਸ ਜੌਹਨਸਨ ਨੇ ਮਨੁੱਖੀ ਸਹਾਇਤਾ ਲਈ 40 ਮਿਲੀਅਨ ਪੌਂਡ ਦੀ ਮਦਦ ਦਾ ਵੀ ਐਲਾਨ ਕੀਤਾ।

# ਕਾਲਾ ਇਤਿਹਾਸ, ਕੈਪੀਟਲ ਹਿੱਲ ਹਿੰਸਾ ਵਿੱਚ ਪਹਿਲੇ ਮੁਕੱਦਮੇ ਉੱਤੇ ਸੁਣਵਾਈ

* ਰੇਫਿਟ ਦੇ ਮੁਕੱਦਮੇ ਨਾਲ ਹੋਰ ਕੇਸਾਂ ਦੀ ਵੀ ਦਿਸ਼ਾ ਤੈਅ ਹੋਵੇਗੀ



ਵਾਸ਼ਿੰਗਟਨ, 1 ਮਾਰਚ (ਪੋਸਟ ਬਿਊਰੋ)- ਰਾਸ਼ਟਰਪਤੀ ਦੀ ਚੋਣ ਹਾਰਨ ਪਿੱਛੋਂ ਡੋਨਾਲਡ ਟਰੰਪ ਦੇ ਹਮਾਇਤੀਆਂ ਵੱਲੋਂ ਸਾਲ ਕੁ ਪਹਿਲਾਂ ਕੈਪੀਟਲ ਹਿੱਲ ਵਿੱਚ ਕੀਤੀ ਇਤਿਹਾਸਕ ਹਿੰਸਾ ਬਾਰੇ ਪਹਿਲੇ ਕੇਸ ਦੀ ਸੁਣਵਾਈ ਸ਼ੁਰੂ ਹੋਣ ਵਾਲੀ ਹੈ। ਇਹ ਅਮਰੀਕੀ ਇਤਿਹਾਸ ਦੇ ਸਭ ਤੋਂ ਲੰਬੇ ਤੇ ਔਖੇ ਕੇਸਾਂ ਵਿੱਚੋਂ ਇੱਕ ਹੋਵੇਗਾ ਅਤੇ ਇਸ ਦੇ ਆਧਾਰ ਉੱਤੇਹੀ ਬਾਕੀ ਦੋਸ਼ੀਆਂ ਖ਼ਿਲਾਫ਼ ਵੀ ਸੁਣਵਾਈ ਦਾ ਰੁਖ਼ ਤੈਅ ਹੋ ਜਾਵੇਗਾ।

ਅਮਰੀਕੀ ਲੋਕਤੰਤਰ ਨੂੰ ਹਿਲਾਉਣ ਵਾਲੀ ਇਸ ਕਾਰਵਾਈ ਵਿੱਚ ਨਿਆਂ ਵਿਭਾਗ ਅਗਲੇ ਹਫ਼ਤੇ ਸਰਕਾਰੀ ਸਬੂਤਾਂ ਦੇ ਆਧਾਰ ਉੱਤੇ ਸੁਣਵਾਈ ਸ਼ੁਰੂ ਕਰੇਗਾ। ਵਾਸ਼ਿੰਗਟਨ ਵਿਚਲੇ ਕੈਪੀਟਲ ਹਿੱਲ ਦੰਗਿਆਂ ਤੇ ਸੈਂਕੜੇ ਕੇਸਾਂ ਵਿੱਚੋਂ ਪਹਿਲਾ ਕੇਸ ਦੋਸ਼ੀ ਗਾਏ ਵੇਸਲੇ ਰੈਫਿਟ ਖ਼ਿਲਾਫ਼ ਸ਼ੁਰੂ ਹੋਵੇਗਾ। ਟੈਕਸਾਸ ਦੇ ਵਸਨੀਕ ਰੇਫਿਟ ਨੇ ਪਿਛਲੇ ਸਾਲ ਛੇ ਜਨਵਰੀ ਨੂੰ ਕੈਪੀਟਲ ਹਿੱਲ ਵਿੱਚ ਪਿਸਤੌਲ ਲੈ ਕੇ ਵੜਨ ਦੇ ਨਾਲ ਉਥੇ ਤਾਇਨਾਤ ਸੁਰੱਖਿਆ ਮੁਲਾਜ਼ਮਾਂ ਨਾਲ ਹੱਥੋਪਾਈ ਕੀਤੀ ਸੀ। ਉਸ ਉੱਤੇ ਬੰਦੂਕ ਹੋਣ ਦੀ ਜਾਣਕਾਰੀ ਪ੍ਰਸ਼ਾਸਨ ਨੂੰ ਦੇਣ ਤੋਂ ਰੋਕਣ ਲਈ ਆਪਣੇ ਬੱਚਿਆਂ ਨੂੰ ਧਮਕਾਉਣ ਦਾ ਵੀ ਦੋਸ਼ ਹੈ। ਰੇਫਿਟ ਖ਼ਿਲਾਫ਼ ਸ਼ੁਰੂ ਹੋਈ ਸੁਣਵਾਈ ਕੈਪੀਟਲ ਹਿੱਲ ਦੰਗਿਆਂ ਦੇ ਬਾਕੀ ਦੋਸ਼ੀਆਂ ਲਈ ਵੀ ਫੰਦਾ ਕੱਸੇਗੀ। ਇਸ ਕੇਸ ਵਿੱਚ ਸਲਫਤਾ ਮਿਲਣ ਉੱਤੇਸਰਕਾਰੀ ਪੱਖ ਵਧੇਰੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਦੇ ਦੰਗਾਈਆਂ ਖ਼ਿਲਾਫ਼ ਹੋਰ ਸਖ਼ਤ ਪੈਰਵੀ ਕਰ ਸਕੇਗਾ ਪਰ ਜੇ ਉਹ ਬਰੀ ਹੋ ਗਿਆ ਤਾਂ ਬਾਕੀ ਦੋਸ਼ੀਆਂ ਨੂੰ ਅਦਾਲਤ ਵਿੱਚ ਵਾਰੀ ਆਉਣ ਤਕ ਆਪਣੀ-ਆਪਣੀ ਕਿਸਮਤ ਦੀ ਉਡੀਕ ਕਰਨੀ ਪਵੇਗੀ।

ਸਾਬਕਾ ਫੈਡਰਲ ਵਕੀਲ ਗ੍ਰੇਗ ਸੋਫਰ ਦਾ ਕਹਿਣਾ ਹੈ ਕਿ ਇਸ ਕੇਸ ਵਿੱਚ ਰੇਫਿਟ ਤਾਂ ਇੱਕ ਛੋਟੀ ਮੱਛੀ ਹੈ, ਇਹ ਦੇਖਣਾ ਦਿਲਚਸਪ ਹੋਵੇਗਾ ਕਿ ਸਰਕਾਰ ਦਾ ਕੇਸ ਕਿੰਨਾ ਮਜ਼ਬੂਤ ਹੈ ਤੇ ਇਸ ਨੂੰ ਅੱਗੇ ਤੱਕ ਸਫਲਤਾਪੂਰਵਕ ਕਿਵੇਂ ਲੈ ਕੇ ਜਾਂਦੀ ਹੈ। ਰੇਫਿਟ ਟੈਕਸਾਸ ਦੇ ਇੱਕ ਫਾਈਟਰ ਗਰੁੱਪ 'ਟੈਕਸਾਸ ਥ੍ਰੀ ਪਰਸੈਂਟਸ' ਦਾ ਮੈਂਬਰ ਹੈ। ਇਸ ਗਰੁੱਪ ਦੇ ਲੜਕਿਆਂ ਦਾ ਮੰਨਣਾ ਹੈ ਕਿ ਸਿਰਫ਼ ਤਿੰਨ ਫ਼ੀਸਦੀ ਅਮਰੀਕੀਆਂ ਨੇ ਬ੍ਰਿਟਿਸ਼ ਫ਼ੌਜ ਖ਼ਿਲਾਫ਼ ਜੰਗ ਕਰ ਕੇ ਅਮਰੀਕਾ ਨੂੰ ਆਜ਼ਾਦ ਕਰਵਾਇਆ ਸੀ।ਕੈਪੀਟਲ ਹਿੱਲ ਉੱਤੇ ਹਿੰਸਾ ਵਾਲੇ ਦਿਨ 6 ਜਨਵਰੀ 2021 ਨੂੰ ਰੇਫਿਟ ਜੇਬ ਵਿੱਚ ਪਿਸਤੌਲਅਤੇ ਹੱਥਕੜੀ ਲੈ ਕੇ ਆਇਆ ਸੀ। ਉਸ ਨੇ ਇੱਕ ਲਾਈਫ ਜੈਕਟ ਤੇ ਹੈਲਮੇਟ ਵੀ ਪਹਿਨਿਆ ਹੋਇਆ ਸੀ। ਉਸ ਦੇ ਹੱਥ ਵਿੱਚ ਵੀਡੀਓ ਕੈਮਰਾ ਸੀ ਜਿਸ ਨਾਲ ਉਸ ਹੰਗਾਮੇ ਦੀ ਰਿਕ-'ਾਰਡਿੰਗ ਕਰ ਰਿਹਾ ਸੀ। ਹੰਗਾਮੇ ਮੌਕੇ ਉਸ ਨੇ ਤੇ ਉਸ ਦੇ ਸਾਥੀਆਂ ਨੇ ਸੁਰੱਖਿਆ ਗਾਰਡਾਂ ਉੱਤੇ ਹਮਲਾ ਕੀਤਾ ਸੀ। ਰੇਫਿਟ ਨੇ ਹਮਲਾ ਉਦੋਂ ਕੀਤਾ ਜਦੋਂ ਇੱਕ ਪੁਲਸ ਵਾਲੇ ਨੇ ਉਸ ਦੇ ਚਿਹਰੇ ਉੱਤੇ ਪੇਪਰ ਸਪਰੇਅ ਸੁੱਟਿਆ। ਇਸ ਹਿੰਸਾ ਵਿੱਚ ਇੱਕ ਪੁਲਸ ਵਾਲੇ ਸਮੇਤ ਪੰਜ ਲੋਕਾਂ ਦੀ ਮੌਤ ਹੋਈ ਸੀ।

# ਮਹਾਰਾਸ਼ਟਰ ਦੇ ਸਿਆਸੀ ਆਗੂ ਗਵਰਨਰ ਭਗਤ ਸਿੰਘ ਕੋਸ਼ਿਆਰੀ ਦੇ ਖ਼ਿਲਾਫ਼ ਨਿੱਤਰੇ



ਭਗਤ ਸਿੰਘ ਕੋਸ਼ਿਆਰੀ

ਮੁੰਬਈ, 1 ਮਾਰਚ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਗਵਰਨਰ ਭਗਤ ਸਿੰਘ ਕੋਸ਼ਿਆਰੀ ਵੱਲੋਂ ਸਮਰਥ ਰਾਮਦਾਸ ਨੂੰ ਛਤਰਪਤੀ ਸ਼ਿਵਾਜੀ ਮਹਾਰਾਜ ਦਾ ਗੁਰੂ ਦੱਸੇ ਜਾਣ ਉੱਤੇ ਵਿਵਾਦ ਖੜ੍ਹਾ ਹੋ ਗਿਆ ਹੈ।

ਭਾਜਪਾ ਦੇ ਪਾਰਲੀਮੈਂਟ ਮੈਂਬਰ ਉਦਯਨਰਾਜੇ ਭੌਂਸਲੇ ਸਮੇਤ ਕਈ ਆਗੂਆਂ ਨੇ ਇਸ ਉੱਤੇ ਇਤਰਾਜ਼ ਕੀਤਾ ਹੈ। ਸ਼ਿਵਾਜੀ ਮਹਾਰਾਜ ਦੇ ਵੰਸ਼ਜਾਂ ਵਿੱਚੋਂ ਇੱਕ ਉਦਯਨਰਾਜੇ ਭੌਂਸਲੇ ਨੇ ਕਿਹਾ ਕਿ ਗਵਰਨਰ ਦੇ ਇਸ ਬੇਤੁਕੇ ਬਿਆਨ ਨਾਲ ਪੂਰੇ ਮਹਾਰਾਸ਼ਟਰ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਗਵਰਨਰਨੂੰ ਇਹ ਬਿਆਨ ਫੌਰੀ ਵਾਪਸ ਲੈਣ ਲਈ ਕਿਹਾ ਹੈ।

ਗਵਰਨਰ ਭਗਤ ਸਿੰਘ ਕੋਸ਼ਿਆਰੀ ਨੇ ਔਰੰਗਾਬਾਦਦੇ ਇੱਕ ਪ੍ਰੋਗਰਾਮ ਦੌਰਾਨ ਛਤਰਪਤੀ ਸ਼ਿਵਾਜੀ ਮਹਾਰਾਜ ਤੇ ਚੰਦਰਗੁਪਤ ਮੌਰਿਆ ਦੀਆਂ ਮਿਸਾਲਾਂ ਦਿੰਦਿਆਂ ਗੁਰੂ ਦੀ ਭੂਮਿਕਾ ਦਾ ਜ਼ਿਕਰ ਕੀਤਾ ਤੇ ਕਿਹਾ ਸੀ, 'ਇਸ ਧਰਤੀ ਉੱਤੇ ਕਈ ਚਕਰਵਰਤੀ ਮਹਾਰਾਜਿਆਂ ਨੇ ਜਨਮ ਲਿਆ, ਪਰ ਚੰਦਰਗੁਪਤ ਨੂੰ ਕੌਣ ਜਾਣਦਾ, ਜੇ ਚਾਣਕਿਆ ਨਾ ਹੁੰਦੇ? ਕਿਸ ਨੂੰ ਛਤਰਪਤੀ ਸ਼ਿਵਾਜੀ ਮਹਾਰਾਜ ਬਾਰੇ ਜਾਣਕਾਰੀ ਹੋਣੀ ਸੀ ਜੇਕਰ ਸਮਰਥ ਨਾ ਹੁੰਦੇ। ਮੈਂ ਚੰਦਰਗੁਪਤ ਅਤੇ ਸ਼ਿਵਾਜੀ ਮਹਾਰ-ਾਜ ਦੀ ਯੋਗਤਾ ਉੱਤੇ ਸਵਾਲ ਨਹੀਂ ਉਠਾ ਰਿਹਾ। ਗੁਰੂ ਦੀ ਭੂਮਿਕਾ ਦਾ ਸਾਡੇ ਸਮਾਜ ਵਿੱਚ ਵੱਡਾ ਸਥਾਨ ਹੈ।''

ਫੇਸਬੁੱਕ ਸੁਨੇਹੇ ਵਿੱਚਭਾਜਪਾ ਪਾਰਲੀਮੈਂਟ ਮੈਂਬਰ ਭੌਂਸਲੇ ਨੇ ਕਿਹਾ ਕਿ ਰਾਮਦਾਸ ਕਦੇ ਵੀ ਸ਼ਿਵਾਜੀ ਮਹਾਰਾਜ ਦੇ ਗੁਰੂ ਨਹੀਂ ਰਹੇ ਅਤੇ ਰਾਸ਼ਟਰਮਾਤਾ ਜੀਜਾਬਾਈ ਉਨ੍ਹਾਂ ਦੇ ਅਸਲ ਗੁਰੂ ਸਨ। ਸ਼ਿਵ ਸੈਨਾ ਦੇ ਪਾਰਲੀਮੈਂਟ ਮੈਂਬਰ ਸੰਜੈ ਰਾਊਤ ਨੇ ਵੀ ਭਾਜਪਾ ਨੂੰ ਇਸ ਮੁੱਦੇ ਉੱਤੇ ਆਪਣਾ ਸਟੈਂਡ ਸਪੱਸ਼ਟ ਕਰਨ ਲਈ ਕਿਹਾ ਹੈ। ਐਨ ਸੀ ਪੀ ਦੀ ਪਾਰਲੀਮੈਂਟਮੈਂਬਰ ਸੁਪ੍ਰਿਆ ਸੂਲੇ ਨੇ ਟਵੀਟ ਕਰਕੇ ਕਿਹਾ ਕਿ ਸ਼ਿਵਾਜੀ ਮਹਾਰਾਜ ਦੇ ਗੁਰੂ ਬਾਰੇ ਕੋਈ ਸਬੂਤ ਨਹੀਂ ਹੈ। ਮਹਾਰਾਸ਼ਟਰ ਕਾਂਗਰਸ ਮੁਖੀ ਨਾਨਾ ਪਟੋਲੇ ਨੇ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਉੱਤੇ ਦੋਸ਼ ਲਾਇਆ ਕਿ ਉਹ ਲਗਾਤਾਰ ਛਤਰਪਤੀ ਸ਼ਿਵਾਜੀ ਮਹਾਰਾਜ ਅਤੇ ਸੂਬੇ ਦਾ ਅਪਮਾਨ ਕਰ ਰਹੇ ਹਨ।

# ਝਾਰਖੰਡ ਵਿੱਚ 150 ਲੋਕਾਂ ਦਾ ਸਿੱਖੀ ਵੱਲ ਧਰਮ ਪਰਿਵਰਤਨ



ਜਮਸ਼ੇਦਪੁਰ, 1 ਮਾਰਚ (ਪੋਸਟ ਬਿਊਰੋ)- ਝਾਰਖੰਡ ਦੇ ਗੋਲਮੁਰੀ ਦੇ ਟਿਨਪਲੇਟ ਨਾਨਕ ਨਗਰ ਵਿੱਚ 150 ਸਿੱਖਾਂ ਦੇ ਧਰਮ ਪਰਿਵਰਤਨ ਉੱਤੇ ਪੈਦਾ ਗੁੱਸੇ ਬਾਰੇ ਹੰਗਾਮਾ ਕਰਨ ਦੇ ਚਾਰ ਵੱਖ-ਵੱਖ ਕੇਸ ਦਰਜ ਹੋਏ ਹਨ।

ਧਰਮ ਪਰਿਵਰਤਨ ਦੇ ਵਿਰੋਧ ਵਿੱਚ ਕੱਲ੍ਹ ਪੰਜ ਘੰਟੇ ਹੰਗਾਮਾ ਹੋਇਆ ਸੀ। ਇਸ ਦੌਰਾਨ ਭੰਨਤੋੜ ਤੇ ਸਾੜਫੂਕ ਵੀ ਕੀਤੀ ਗਈ। ਸਰਕਾਰੀ ਕੰਮ ਵਿੱਚ ਰੁਕਾਵਟ ਪਾਉਣ, ਜਲੂਸ ਕੱਢ ਕੇ ਪ੍ਰਦਰਸ਼ਨ ਕਰਨ, ਭੰਨਤੋੜ ਤੇ ਸਾੜਫੂਕ ਕਰਨ ਤੇ ਕੋਰੋਨਾ ਗਾਈਡ ਲਾਈਨਜ਼ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ 16 ਲੋਕਾਂ ਖ਼ਿਲਾਫ਼ ਕੇਸ ਦਰਜ ਕੀਤੇ ਗਏ ਹਨ। ਇਸੇ ਦੌਰਾਨ 100 ਅਣਪਛਾਤੇ ਲੋਕਾਂ ਖ਼ਿਲਾਫ਼ ਵੱਖਰੇ ਕੇਸ ਦਰਜ ਕੀਤੇ ਗਏ।

ਇਸ ਦੌਰਾਨ ਰਵੀ ਸਿੰਘ ਅਤੇ ਵਿਸ਼ਵਜੀਤ ਸਿੰਘ ਦੇ ਖ਼ਿਲਾਫ਼ ਪੰਜ-ਪੰਜ ਹਜ਼ਾਰ ਰੁਪਏ ਦਾ ਲਾਲਚ ਦੇ ਕੇ ਧਰਮ ਪਰਿਵਰਤਨ ਕਰਾਉਣ ਦਾ ਦੋਸ਼ ਲਾ ਕੇ ਗੋਬਿੰਦਪੁਰ ਥਾਣਾ ਖੇਤਰ ਦੀ ਮਹਿਲਾ ਐਮ. ਸਾਈ ਕੁਮਾਰ ਪਦਮਾ ਦੀ ਸ਼ਿਕਾਇਤ ਉੱਤੇ ਝਾਰਖੰਡ ਫ੍ਰੀਡਮ ਆਫ ਰਿਲੀਜੀਅਨ ਐਕਟ ਦੇ ਤਹਿਤ ਸ਼ਿਕਾਇਤ ਦਰਜ ਕੀਤੀ ਗਈ ਹੈ। ਪੁਲਸ ਨੇ ਕੱਲ੍ਹ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਰਵੀ ਸਿੰਘ ਨੂੰ ਗੋਲਮੁਰੀ ਥਾਣੇ ਪੁੱਛਗਿੱਛ ਲਈ ਸੱਦਿਆ ਸੀ। ਇਸ ਤੋਂ ਬਾਅਦ ਉਸ ਨੂੰ ਛੱਡ ਦਿੱਤਾ ਗਿਆ। ਪੁਲਸ ਉਸ ਉੱਤੇ ਲੱਗੇ ਦੋਸ਼ਾਂ ਦੀ ਜਾਂਚ ਕਰ ਰਹੀ ਹੈ। ਧਰਮ ਪਰਿਵਰਤਨ ਬਾਰੇ ਹਿੰਦੂ ਜਥੇਬੰਦੀਆਂ ਅਤੇ ਸਿੱਖ ਜਮਾਤਾਂ ਵਿੱਚ ਭਾਰੀ ਗੁੱਸਾ ਹੈ। ਇਹ ਜਥੇਬੰਦੀਆਂ ਪ੍ਰਸ਼ਾਸਨ ਉੱਤੇ ਇਸ ਕੇਸ ਵਿੱਚ ਕਾਰਵਾਈ ਕਰਨ ਲਈ ਦਬਾਅ ਬਣਾ ਰਹੀਆਂ ਹਨ। ਝਾਰਖੰਡ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪਰਿਵਰਤਨ ਕਰ ਗਏ ਪਰਵਾਰਾਂ ਦੀ ਘਰ ਵਾਪਸੀ ਕਰਾਉਣ ਦੀ ਗੱਲ ਕੰਿਦੀ ਹੈ। ਕਮੇਟੀ ਦੇ ਪ੍ਰਧਾਨ ਸਰਦਾਰ ਸ਼ੈਲੇਂਦਰ ਸਿੰਘ ਦਾ ਦਾਅਵਾ ਹੈ ਕਿ ਬਾਰੀਡੀਹ, ਬਿਰਸਾਨਗਰ, ਬਾਰੀਡੀਹ ਬਸਤੀ ਟਿਨਪਲੇਟ ਵਿੱਚ ਕਈ ਪਰਵਾਰ ਘਰ ਵਾਪਸੀ ਲਈ ਤਿਆਰ ਹਨ। ਕਈ ਪਰਵਾਰਾਂ ਦੀ ਘਰ ਵਾਪਸੀ ਕਰਾਉਣ ਵਿੱਚ ਸਿੱਖ ਸੰਗਠਨ ਸਫਲ ਵੀ ਹੋਏ ਹਨ। ਸ਼ਹਿਰ ਦੀਆਂ ਸਾਰੀਆਂ ਗੁਰਦੁਆਰਾ ਕਮੇਟੀਆਂ ਨੂੰ ਇਸ ਕੇਸ ਵਿੱਚ ਆਪਣੇ-ਆਪਣੇ ਪੱਧਰ ਉੱਤੇ ਜਾਂਚ ਕਰ ਕੇ ਰਿਪੋਰਟ ਦੇਣ ਲਈ ਕਿਹਾ ਗਿਆ ਹੈ।

# ਮਨੀਪੁਰ ਚੋਣਾਂ ਦੇ ਪਹਿਲੇ ਗੇੜ ਵਿੱਚ 78.03 ਫ਼ੀਸਦ ਵੋਟਿੰਗ



ਮਨੀਪੁਰ, 1 ਮਾਰਚ (ਪੋਸਟ ਬਿਊਰੋ)- ਮਨੀਪੁਰ ਵਿਧਾਨ ਸਭਾ ਚੋਣਾਂ ਦੇ ਪਹਿਲੇ ਗੇੜ ਵਿੱਚ ਕੱਲ੍ਹ 38 ਵਿਧਾਨ ਸਭਾ ਹਲਕਿਆਂ ਲਈ ਪਈਆਂ ਵੋਟਾਂ ਦੌਰਾਨ ਸ਼ਾਮ ਪੰਜ ਵਜੇ ਤਕ ਕਰੀਬ 12.09 ਲੱਖ ਵੋਟਰਾਂ ਵਿੱਚੋਂ 78.03 ਫ਼ੀਸਦ ਵੋਟਰਾਂ ਨੇ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ।

ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਚੁਰਾਂਚਾਂਦਪੁਰ ਜ਼ਿਲ੍ਹੇ ਵਿੱਚ ਪੈਂਦੇ ਤਿਪਾਈਮੁੱਖ ਵਿਧਾਨ ਸਭਾ ਹਲਕੇ ਵਿੱਚ ਚੋਣ ਡਿਊਟੀ ਉੱਤੇ ਤਾਇਨਾਤ ਪੁਲਸ ਮੁਲਾਜ਼ਮ ਦੀ ਸ਼ੱਕੀ ਹਾਲਤ ਵਿੱਚ ਉਸਦੀ ਆਪਣੀ ਸਰਵਿਸ ਰਾਈਫਲ ਤੋਂ ਗੋਲੀ ਚੱਲਣ ਨਾਲ ਮੌਤ ਹੋ ਗਈ। ਇਸ ਮੌਕੇ ਅਧਿਕਾਰੀਆਂ ਨੇ ਦੱਸਿਆ ਕਿ ਸਭ ਤੋਂ ਵੱਧ 82.97 ਫ਼ੀਸਦ ਵੋਟਿੰਗ ਕਾਂਗਪੋਕਪੀ ਜ਼ਿਲ੍ਹੇ ਵਿੱਚ ਦਰਜ ਕੀਤੀ ਗਈ। ਉਸ ਤੋਂ ਬਾਅਦ ਇੰਫਾਲ ਪੱਛਮੀ ਵਿੱਚ 82.19 ਫ਼ੀਸਦ, ਇੰਫਾਲ ਪੂਰਬੀ ਵਿੱਚ 76.64 ਫੀਸਦ ਅਤੇ ਚੁਰਾਚਾਂਦਪੁਰ ਵਿੱਚ 74.45 ਫੀਸਦ ਵੋਟਿੰਗ ਦਰਜ ਕੀਤੀ ਗਈ। ਇਸ ਦੌਰਾਨ ਕਰੀਬ 1721 ਪੋਲਿੰਗ ਬੂਥਾਂ ਉੱਤੇ ਵੋਟਾਂ ਪੈਣ ਦਾ ਅਮਲ ਕਰੀਬ ਅਮਨ-ਅਮਾਨ ਨਾਲ ਪੂਰਾ ਹੋ ਗਿਆ, ਪਰ ਸੈਤੂ, ਹਿੰਗ-ਲੇਪ ਤੇ ਸਿੰਘਟ ਹਲਕਿਆਂ ਵਿੱਚ ਸ਼ਰਾਰਤੀ ਅਨੁਸਾਰਾਂ ਨੇ ਈਵੀਐਮਜ਼ (ਬਿਜਲੀ ਵੋਟ ਮਸ਼ੀਨਾਂ) ਦੀ ਭੰਨ-ਤੋੜ ਕੀਤੀ। 7 ਪੋਲਿੰਗ ਸਟੇਸ਼ਨਾਂ ਉੱਤੇ ਈਵੀਐਮਜ਼ ਦੀ ਭੰਨਤੋੜ ਦੀਆਂ ਘਟਨਾਵਾਂ ਦੇ ਬਾਰੇ ਕੇਸ ਵੀ ਦਰਜ ਕੀਤੇ ਗਏ ਹਨ। ਤਿਪਾਈਮੁਖ ਹਲਕੇ ਵਿੱਚ ਚੋਣ ਅਮਲੇ ਦੇ ਇੱਕ ਮੈਂਬਰ ਦੀ ਦਿਮਾਗ ਦੀ ਨਾੜੀ ਫਟਣ (ਹੈਮਰੈਜਿਕ ਸਟਰੋਕ) ਕਾਰਨ ਮੌਤ ਹੋ ਗਈ। ਚੁਰਾਚਾਂਦਪੁਰ ਜ਼ਿਲ੍ਹੇ ਵਿੱਚ ਸਿਆਸੀ ਪਾਰਟੀਆਂ ਵਿਚਾਲੇ ਹੋਈਆਂ ਦੋ ਝੜਪਾਂ ਵਿੱਚ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ।

# ਵੂਹਾਨ ਦੇ ਬਾਜ਼ਾਰ ਵਿੱਚੋਂ ਹੀ ਜਾਨਵਰਾਂ 'ਚੋਂ ਕੋਰੋਨਾ ਪੈਦਾ ਹੋਇਆ ਸੀ

ਵਾਸ਼ਿੰਗਟਨ, 1 ਮਾਰਚ (ਪੋਸਟ ਬਿਊਰੋ)- ਦੋ ਨਵੇਂ ਪ੍ਰਯੋਗਾਂ ਤੋਂ ਸੰਕੇਤ ਮਿਲਦੇ ਹਨ ਕਿ ਕੋਵਿਡ-19 ਦੇ ਕਾਰਕ ਸਾਰਸ-ਸੀ ਓ ਵੀ-2 ਵਾਇਰਸ ਦੀ ਉਤਪਤੀ ਵੂਹਾਨ ਦੇ ਹੋਆਨਾਨ ਸੀਫੂਡ ਮਾਰਕਿਟ ਦੇ ਜਾਨਵਰਾਂ ਵਿੱਚੋਂ ਹੋਈ ਅਤੇ 2019 ਦੇ ਅੰਤ ਵਿੱਚ ਇਸਦਾ ਪਸਾਰ ਇਨਸਾਨਾਂ ਵਿੱਚ ਹੋਇਆ ਸੀ। ਪਹਿਲਾਂ ਪ੍ਰਯੋਗ ਵਿੱਚ ਇਹ ਦਿਖਾਉਣ ਲਈ ਸਥਾਨਕ ਵਿਸ਼ਲੇਸ਼ਣ ਦਾ ਉਪਯੋਗ ਕੀਤਾ ਗਿਆ ਕਿ ਦਸੰਬਰ 2019 ਵਿੱਚ ਸਭ ਤੋਂ ਸ਼ੁਰੂ ਵਿੱਚ ਕੋਵਿਡ-19 ਦੇ ਜਿਨ੍ਹਾਂਕੇਸਾਂ ਦਾ ਇਲਾਜ ਕੀਤਾ ਗਿਆ ਉਹ ਵੂਹਾਨ ਦੇ ਬਾਜ਼ਾਰ ਉੱਤੇ ਕੇਂਦਰਤ ਸੀ। ਖੋਜ ਕਰਤਾਵਾਂ ਨੇ ਪਤਾ ਲਾਇਆ ਕਿ ਵਾਇਰਸ ਦੇ ਲਈ ਸਕਾਰਤਮਕ ਟੈਸਟਿੰਗ ਕਰਨ ਵਾਲੇ ਵਾਤਾਵਰਣਕ ਨਮੂਨੇ ਜੀਉਂਦੇ ਜਾਨਵਰਾਂ ਨੂੰ ਵੇਚਣ ਵਾਲੇ ਸੈਲਰਾਂ ਨਾਲ ਮਜਬੂਤੀ ਦੇ ਨਾਲ ਜੁੜੇ ਸੀ। ਅਮਰੀਕਾ ਦੇ ਐਰੀਜੋਨਾ ਵਿਸ਼ਵਿਦਿਆਲੇ ਵਿੱਚ ਇੱਕ ਪ੍ਰੋ. ਮਾਈਕਲ ਬੋਰੋਬੇ ਨੇ ਟਵੀਟ ਕੀਤਾ, ਅਸੀਂ ਦਸੰਬਰ 2019 ਵਿੱਚ ਲਛਣ ਦੀ ਸ਼ੁਰੂਆਤ ਨਾਲ ਵੂਹਾਨ ਤੋਂ ਜ਼ਿਆਦਾਤਰ ਜਾਣੇ ਜਾਂਦੇ ਕੋਵਿਡ-19 ਕੇਸਾਂ ਦੇ ਲਈ ਵਿਸਥਾਰ ਅਤੇ ਨਤੀਜੇ ਕੱਢਣ ਦੇ ਲਈ ਸਾਰਸ-ਸੀ ਓ ਵੀ -2 ਦੀ ਉਤਪਤੀ ਉੱਤੇ ਵਿਸ਼ਵ ਸਿਹਤ ਸੰਗਠਨ ਦੇ ਮਿਸ਼ਨ ਦੀ ਰਿਪੋਰਟ ਵਿੱਚ ਮਾਨ-ਚਿੱਤਰਾਂ ਦਾ ਉਪਯੋਗ ਕੀਤਾ। ਦੋਨੋਂ ਹੀ ਖੋਜ ਪੱਤਰਾਂ ਦੇ ਲੇਖਕ ਵੋਰੋਬੇ ਨੇ ਕਿਹਾ, ਅਸੀਂ ਪਤਾ ਲਗਾਇਆ ਕਿ ਦਸੰਬਰ ਵਿੱਚ ਮਾਮਲੇ ਹੁਆਨਾਨ ਬਾਜ਼ਾਰ ਦੇ ਨੇੜੇ ਅਤੇ ਜ਼ਿਆਦਾ ਕੇਂਦਰਿਤ ਸੀ, ਜਿਨ੍ਹਾਂ ਨਾਲ ਉਮੀਦ ਕੀਤੀ ਜਾ ਸਕਦੀ ਸੀ, ਇਸ ਦਾ ਕੇਂਦਰ ਬਾਜ਼ਾਰ ਵਿੱਚ ਸੀ।







# ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866
31 Melanie Dr. Unit #4 Brampton, ON L6T 5H8






CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS·JAFINE

# HELP WANTED

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769


WWW.KULWINDERCHHINA.COM




KULWINDERCHHINA
BROKER
647.293.2327



STARLANE PAINTING

Residential ▪ Commercial ▪ Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ

416.230.4000 • 647.409.1092
www.STARLANEPAINTING.com



## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013


Check our Free E-paper at:
www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post





## ਤੁਰੰਤ ਕਾਮਿਆਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।

ਸੰਪਰਕ ਕਰੋ: ਸੁਰਜੀਤ ਸਿੰਘ ਦਿਓਲ
647-391-3365


## Change of Name

**I Dhara, daughter of Maheshbhai Patel,** holder of Indian passport No M6563577, issued at Surat on February 23, 2015, Permanent resident of At - Khadsad, Post - Kathodara, Surat Rural, 394326 Gujarat, India and presently residing at 509 - 3 Lisa Street, Brampton L6T4A2, Ontario Canada, do hereby change the name from **Dhara Chintankumar Patel to Dhara Maheshbhai Patel,** with immediate effect.

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013


Check our Free E-paper at:
www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post



(905)793-2202

You can Place Your Business Here

To Reach Wider Audience

For more info Call 905-793-2202 or e-mail ads@punjabipost.ca


## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7'', ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


# Visions of Punjab



Natasha Mahal
Co-Host

VISION ZOOMERTV

Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host

Serving the South Asian Community Since 1976



# A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ



Other Realtors only Promise
But JAG AUJLA SOLD YOUR HOME WITH
GUARANTEE

Advertisement
GUARANTEED
Till SOLD

Call For a Quick & Free Home Evaluation
www.BramptonQuickHomeEvaluation.com

# JAG AUJLA
REAL ESTATE BROKER


DIR: 416-371-7777
j.aujla@rogers.com www.jagaujla.com

RE/MAX Realty Specialist Inc., Brokerage
Independently Owned and Operated
Off: 905-456-3232

www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON




ਕੈਨੇਡੀ / ਦੁੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੋਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ।

## BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

## BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

## BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

## BRAMPTON




34 Winterfold Dr

CREDITVIEW & BOVAIRD
(MOUNT PLEASANT)

ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777



FREE ONLINE PROGRAM

JVS TORONTO

# Job Search Workshop for Newcomers



**Looking for information on how to enter your field in Canada?**

Give us four days and we will give you more confidence and an understanding of your occupation in Canada. You will learn what skills and qualifications companies want and where the jobs are.

**This free workshop offers:**

- An assessment of your unique needs
- Info on Canadian business perspectives
- One-on-one coaching and resume building
- Job search strategies and support
- A personalized action plan

New registrants must have an assessment prior to the start of the program.

Open to permanent residents, convention refugees or live-in caregivers – internationally trained professionals who are able to work and can communicate in English.

Your First Steps to Employment in Canada

**Now accepting applications.**
For more info and to register, contact JSW@jvstoronto.org
www.jvstoronto.org

Funded by: Immigration, Refugees and Citizenship Canada
Financé par : Immigration, Réfugiés et Citoyenneté Canada
United Way Greater Toronto
UJA FEDERATION of Greater Toronto






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017